
**ਅੱਜ ਦਾ ਸ਼ੁਭ ਵਿਚਾਰ**



ਕੁੜੀਆਂ ਤੇ ਕਿਤਾਬਾਂ ਹਰ ਘਰ ਚ ਹੋਣੀਆਂ ਚਾਹੀਦੀਆਂ ਹਨ, ਇਨ੍ਹਾਂ ਦੋਹਾਂ ਤੋਂ ਬਿਨ੍ਹਾਂ ਬੰਦੇ ਨੂੰ ਅਕਲ ਨਹੀਂ ਆਉਂਦੀ

ਉੱਘੀ ਸਮਾਜ ਸੇਵਿਕਾ ਹਰਵਿੰਦਰ ਕੌਰ ਪੰਮੀ ਬਰਨਾਲਾ

ਰੋਜ਼ਾਨਾ ਲੋਕ ਬਾਣੀ
www.lokbani.com

ਸੱਚ ਤੇ ਨਿਡਰ ਆਵਾਜ਼

# ਰੋਜ਼ਾਨਾ ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਐਤਵਾਰ, 07 ਜੁਲਾਈ 2024

ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

R. N. I. Punpun/29016/2008 ✶ ਸਾਲ 16 , ✶ ਅੰਕ : 34, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181-2211009 ✶ M : 99155-94111



DIPS INSTITUTIONS ☆ CHAIN OF DIPS INSTITUTIONS ☆ KNOWLEDGE IS POWER

DIPS ITM
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS JALANDHAR CITY
www.dipsimt@gmail.com (dipsimt@gmail.com)
Contact: 95010-00697, 97806-00998


## ਹਾਥਰਸ ਚ ਹੋਏ ਹਾਦਸੇ ਦੀ ਜਾਂਚ ਹੋਈ ਸ਼ੁਰੂ



ਹਾਥਰਸ (ਲੋਕ ਬਾਣੀ) ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਹਾਥਰਸ ਘਟਨਾ ਦੀ ਜਾਂਚ ਲਈ ਗਠਿਤ ਨਿਆਂਇਕ ਜਾਂਚ ਕਮਿਸ਼ਨ ਨੇ ਅੱਜ ਉਸ ਥਾਂ ਦਾ ਜਾਇਜ਼ਾ ਲਿਆ ਜਿੱਥੇ 2 ਜੁਲਾਈ ਨੂੰ ਭਗਦੜ ਮਚੀ ਸੀ। ਭਗਦੜ ਮਚਣ ਕਾਰਨ 121 ਲੋਕਾਂ ਦੀ ਮੌਤ ਹੋ ਗਈ ਸੀ। ਸਰਕਾਰ ਵੱਲੋਂ ਗਠਿਤ ਕਮਿਸ਼ਨ ਦੋ ਮਹੀਨਿਆਂ ਵਿੱਚ ਰਿਪੋਰਟ ਤਿਆਰ ਕਰ ਕੇ ਸਰਕਾਰ ਨੂੰ ਸੌਂਪੇਗਾ। ਅਲਾਹਾਬਾਦ ਹਾਈ ਕੋਰਟ ਦੇ ਸਾਬਕਾ ਜੱਜ ਬ੍ਰਿਜੇਸ਼ ਕੁਮਾਰ ਸ਼੍ਰੀਵਾਸਤਵ ਦੀ ਪ੍ਰਧਾਨਗੀ ਹੇਠ ਬਣਾਏ ਗਏ ਨਿਆਂਇਕ ਜਾਂਚ ਕਮਿਸ਼ਨ ਵਿੱਚ ਸਾਬਕਾ ਆਈਏਐਸ ਅਧਿਕਾਰੀ ਹੇਮੰਤ ਰਾਓ ਅਤੇ ਸਾਬਕਾ ਆਈਪੀਐਸ ਅਧਿਕਾਰੀ ਭਾਵੇਸ਼ ਕੁਮਾਰ ਸਿੰਘ ਹਨ। ਜਾਂਚ ਤੋਂ ਬਾਅਦ ਨਿਆਂਇਕ ਜਾਂਚ ਕਮਿਸ਼ਨ ਦੀ ਕਮੇਟੀ ਦੇ ਚੇਅਰਮੈਨ ਜਸਟਿਸ ਬ੍ਰਿਜੇਸ਼ ਕੁਮਾਰ ਸ਼੍ਰੀਵਾਸਤਵ (ਸੇਵਾਮੁਕਤ) ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਸਾਰਿਆਂ ਤੋਂ ਪੁੱਛਗਿੱਛ ਕਰਨਗੇ ਜਿਨ੍ਹਾਂ ਤੋਂ ਇਸ ਮਾਮਲੇ ਵਿੱਚ ਪੁੱਛਗਿੱਛ ਕੀਤੀ ਜਾਣੀ ਚਾਹੀਦੀ ਹੈ।

## ਗੁਜਰਾਤ ਦੇ ਸੂਰਤ ਚ ਵੱਡੀ ਇਮਾਰਤ ਡਿੱਗੀ



ਸੂਰਤ (ਲੋਕ ਬਾਣੀ ) ਗੁਜਰਾਤ ਦੇ ਸੂਰਤ ਚ ਸ਼ਨਿਚਰਵਾਰ ਨੂੰ ਇਮਾਰਤ ਡਿੱਗਣ ਕਾਰਨ ਵੱਡਾ ਹਾਦਸਾ ਵਾਪਰ ਗਿਆ। ਸ਼ਹਿਰ ਵਿੱਚ ਇੱਕ ਪੰਜ ਮੰਜ਼ਿਲਾ ਇਮਾਰਤ ਢਹਿ ਢੇਰੀ ਹੋ ਗਈ। ਜਾਣਕਾਰੀ ਮੁਤਾਬਕ ਇਮਾਰਤ ਦੇ ਮਲਬੇ ਹੇਠਾਂ ਕਈ ਲੋਕਾਂ ਦੇ ਦੱਬੇ ਹੋਣ ਦਾ ਖਦਸ਼ਾ ਹੈ। ਜਾਣਕਾਰੀ ਦਿੰਦੇ ਹੋਏ ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਸੂਰਤ ਦੇ ਜੀਆਈਡੀਸੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ ਤੇ ਪਹੁੰਚ ਗਈਆਂ ਹਨ। ਸਾਰੀਆਂ ਟੀਮਾਂ ਵੱਲੋਂ ਬਚਾਅ ਕਾਰਜ ਚਲਾਏ ਜਾ ਰਹੇ ਹਨ।

## ਸ੍ਰੀ ਹੇਮਕੁੰਟ ਸਾਹਿਬ ਗਏ ਨੌਜਵਾਨ ਦੀ ਹੋਈ ਮੌਤ



ਬਰਨਾਲਾ, (ਲੋਕ ਬਾਣੀ) ਪੰਜਾਬ ਦੇ ਬਰਨਾਲਾ ਤੋਂ ਦੁਖੀ ਕਰਨ ਵਾਲੀ ਖਬਰ ਆ ਰਹੀ ਹੈ ਜਿਥੇ ਅਵਤਾਰ ਸਿੰਘ ਅਣਖੀ-ਪਿੰਡ ਹਮੀਦੀ ਬਰਨਾਲਾ ਨਾਲ ਸੰਬੰਧਿਤ ਨੌਜਵਾਨ ਮਨਪ੍ਰੀਤ ਸਿੰਘ ਪੁੱਤਰ ਅਲਖਿੰਦਰ ਸਿੰਘ ਦੀ ਗੋਬਿੰਦ ਧਾਮ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਤੇ ਗਿਆ ਸੀ ਤੇ ਨੌਜਵਾਨ ਨੂੰ ਦਿਲ ਦਾ ਦੌਰਾ ਪੈਣ ਨਾਲ ਉਸਦੀ ਮੌਤ ਹੋ ਗਈ ਹੈ ਮ੍ਰਿਤਕ ਨੌਜਵਾਨ ਇਤਿਹਾਸਕ ਗੁਰਦੁਆਰਾ ਸਾਹਿਬ ਜੰਡਸਰ ਠੁੱਲੀਵਾਲ ਵਿਖੇ ਗ੍ਰੰਥੀ ਵਜੋਂ ਸੇਵਾਵਾਂ ਨਿਭਾਅ ਰਿਹਾ ਸੀ ਇਸ ਘਟਨਾ ਦੇ ਵਾਪਰਨ ਨਾਲ ਪੂਰੇ ਇਲਾਕੇ ਵਿੱਚ ਸੋਕ ਦੀ ਲਹਿਰ ਹੈ

## ਹਿਮਾਚਲ ਚ ਮੀਂਹ ਨੇ ਮਚਾਈ ਤਬਾਹੀ ਸੜਕਾਂ ਬੰਦ




ਚੰਡੀਗੜ੍ਹ (ਵਿਨੋਦ ਸ਼ਰਮਾ) ਹਿਮਾਚਲ ਪ੍ਰਦੇਸ਼ ਦੀਆਂ ਜ਼ਿਆਦਾਤਰ ਥਾਵਾਂ 'ਤੇ ਅੱਜ ਭਰਵਾਂ ਮੀਂਹ ਪਿਆ ਹੈ। ਧਰਮਸ਼ਾਲਾ ਅਤੇ ਪਾਲਮਪੁਰ ਵਿਚ ਭਾਰੀ ਮੀਂਹ ਪਿਆ ਜਿੱਥੇ ਮੀਂਹ 200 ਮਿਲੀਮੀਟਰ ਤੋਂ ਵੱਧ ਪਿਆ। ਐਮਰਜੈਂਸੀ ਅਪਰੇਸ਼ਨ ਸੈਂਟਰ ਅਨੁਸਾਰ ਭਾਰੀ ਮੀਂਹ ਕਾਰਨ 150 ਸੜਕਾਂ ਦਾ ਸੰਪਰਕ ਹੋਰਾਂ ਨਾਲ ਟੁੱਟ ਗਿਆ ਹੈ ਜਿਨ੍ਹਾਂ ਵਿੱਚ ਮੰਡੀ ਵਿੱਚ 111, ਸਿਰਮੌਰ ਵਿੱਚ 13, ਸ਼ਿਮਲਾ ਵਿੱਚ ਨੌਂ, ਚੰਬਾ ਅਤੇ ਕੁੱਲੂ ਵਿੱਚ ਅੱਠ-ਅੱਠ ਅਤੇ ਕਾਂਗੜਾ ਜ਼ਿਲ੍ਹੇ ਵਿੱਚ ਇੱਕ-ਇੱਕ ਸੜਕ ਭਾਰੀ ਮੀਂਹ ਕਾਰਨ ਆਵਾਜਾਈ ਲਈ ਬੰਦ ਹੈ। ਮੀਂਹ ਕਾਰਨ55 ਜਲ ਸਪਲਾਈ ਸਕੀਮਾਂ ਪ੍ਰਭਾਵਿਤ ਹੋਈਆਂ ਹਨ।

## ਰੋਜ਼ਾਨਾ ਦੀ ਤਰ੍ਹਾਂ ਅੱਜ ਗੁਰਦਾਸਪੁਰ ਜ਼ਿਲ੍ਹੇ ਦਾ ਨੋਜਵਾਨ ਚੜ੍ਹਿਆ ਨਸ਼ੇ ਦੀ ਬਲੀ



ਗੁਰਦਾਸਪੁਰ (ਲੋਕ ਬਾਣੀ) ਪੀਰਾਂ ਫ਼ਕੀਰਾਂ ਦੀ ਧਰਤੀ ਪੰਜਾਬ ਚ ਨਸ਼ਾ ਲਗਾਤਾਰ ਵਧਦਾ ਜਾ ਰਿਹਾ ਹੈ ਜਿਸਦੀ ਲਪੇਟ ਚ ਆ ਕੇ ਨੌਜਵਾਨ ਆਪਣੀਆਂ ਜਾਨਾਂ ਗੁਆ ਰਹੇ ਹਨ। ਅਜਿਹਾ ਹੀ ਇਕ ਮਾਮਲਾ ਥਾਣਾ ਸਦਰ ਅਧੀਨ ਪੈਂਦੇ ਪਿੰਡ ਬਾਬੋਵਾਲ ਤੋਂ ਸਾਹਮਣੇ ਆਇਆ ਹੈ। ਜਿੱਥੇ ਨਸ਼ੇ ਦੀ ਓਵਰਡੋਜ਼ ਕਾਰਨ 27 ਸਾਲਾ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਅਮਿਤ ਮਸੀਹ ਪੁੱਤਰ ਸੋਨੋ ਮਸੀਹ ਵਾਸੀ ਪਿੰਡ ਬਾਬੋਵਾਲ ਵਜੋਂ ਹੋਈ ਹੈ। ਪਰਿਵਾਰ ਦਾ ਦੋਸ਼ ਹੈ ਕਿ ਉਨ੍ਹਾਂ ਦੇ ਪੁੱਤਰ ਨੂੰ ਉਸਦੇ ਦੋਸਤਾਂ ਨੇ ਨਸ਼ੇ ਦਾ ਟੀਕਾ ਲਗਾਇਆ ਹੈ ਜਿਸ ਕਾਰਨ ਉਸ ਦੇ ਲੜਕੇ ਦੀ ਮੌਤ ਹੋ ਗਈ ਹੈ ਇਲਾਕੇ ਦੇ ਲੋਕਾਂ ਵਿਚ ਇਸ ਘਟਨਾ ਕਾਰਨ ਕਾਫੀ ਰੋਸ ਹੈ

## ਸ਼ਿਵ ਸੈਨਾ ਆਗੂ ਤੇ ਹਮਲੇ ਤੋਂ ਬਾਅਦ ਸ਼ੋਸ਼ਲ ਮੀਡੀਆ ਤੇ ਨਿਹੰਗ ਸਿੰਘਾਂ ਦਿਆਂ ਵਿਡੀਉ ਵੇਖਿਆ ਜਾ ਰਹੀਆਂ ਹਨ ਧੜਾਧੜ



ਜਲੰਧਰ (ਹਰਬੰਸ ਬਿੱਟ) ਪੰਜਾਬ ਦੇ ਲੁਧਿਆਣਾ ਚ ਸ਼ਿਵ ਸੈਨਾ ਟਕਸਾਲੀ ਆਗੂ ਤੇ ਸੁਖਦੇਵ ਥਾਪਰ ਦੇ ਵੰਸ਼ਜ ਸੰਦੀਪ ਥਾਪਰ ਤੇ ਸਿਵਲ ਹਸਪਤਾਲ ਦੇ ਬਾਹਰ ਤਿੰਨ ਨਿਹੰਗਾਂ ਨੇ ਹਮਲਾ ਕਰ ਦਿੱਤਾ। ਨਿਹੰਗਾਂ ਨੇ ਦਿਨ ਦਿਹਾੜੇ ਵਿਚਕਾਰ ਸੜਕ ਦੇ ਸਕੂਟੀ ਘੇਰ ਕੇ ਉਨ੍ਹਾਂ ਤੇ ਤਲਵਾਰਾਂ ਨਾਲ ਵਾਰ ਕੀਤੇ। ਮਾਮਲੇ ਚ ਪੁਲਿਸ ਨੇ ਦੋ ਨਿਹੰਗਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਕ ਮੁਲਜ਼ਮ ਅਜੇ ਵੀ ਫਰਾਰ ਹੈ। ਪੁਲਿਸ ਉਸ ਦੀ ਤਲਾਸ਼ ਵਿਚ ਛਾਪੇਮਾਰੀ ਕਰ ਰਹੀ ਹੈ ਤੇ ਆਪਣੀ ਪੀਠ ਆਪ ਹੀ ਥਪਥਪਾ ਰਹੀ ਹੈ ਸ਼ੋਸ਼ਲ ਮੀਡੀਆ ਤੇ ਕੁਝ ਕੁ ਨਿਹੰਗ ਸਿੰਘ ਦੇ ਬਾਣੇ ਵਿੱਚ ਵਿਡੀਉ ਪਾ ਆਖਿਆ ਸਾਡੇ ਬਾਰੇ ਬੋਲਣ ਵਾਲੇ ਦਾ ਇਹੋ ਹਸ਼ਰ ਹੋਵੇਗਾ ਕਿ ਪੁਲਿਸ ਨੂੰ ਇਹ ਸਭ ਨਹੀਂ ਦਿੱਖ ਰਿਹਾ

## ਜੰਮੂ ਕਸ਼ਮੀਰ ਵਿਚ ਅੱਤਵਾਦੀਆਂ ਤੇ ਸੁਰੱਖਿਆ ਬਲਾਂ ਨਾਲ ਮੁਕਾਬਲਾ ਪੰਜ ਅਤਵਾਦੀ ਮਾਰੇ



ਜੰਮੂ ਕਸ਼ਮੀਰ (ਲੋਕ ਬਾਣੀ ) ਜੰਮੂ ਕਸ਼ਮੀਰ ਦੇ ਹਿੱਸੇ ਦੱਖਣੀ ਕਸ਼ਮੀਰ ਦੇ ਕੁਲਗਾਮ ਦੇ ਚਿੰਨੀਗਾਮ ਪਿੰਡ ਚ ਅੱਤਵਾਦੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਮੁੱਠਭੇੜ ਜਾਰੀ ਹੈ। ਇਸ ਮੁਕਾਬਲੇ ਚ ਪੰਜ ਅੱਤਵਾਦੀਆਂ ਦੇ ਮਾਰੇ ਜਾਣ ਦੀ ਖਬਰ ਹੈ। ਇਨ੍ਹਾਂ ਚ ਹਿਜ਼ਬੁਲ ਮੁਜਾਹਿਦੀਨ ਦੇ ਡਿਵੀਜ਼ਨ ਕਮਾਂਡਰ ਫਾਰੂਕ ਨੱਲੀ ਵੀ ਸ਼ਾਮਲ ਦੱਸੇ ਜਾਂਦੇ ਹਨ

## ਕੈਬ ਸੇਵਾ ਦੇਣ ਵਾਲੀ ਕੰਪਨੀ ਓਲਾ ਨੇ ਗੂਗਲ ਨਾਲ ਨਾਤਾ ਤੋੜਿਆ




ਚੰਡੀਗੜ੍ਹ (ਵਿਨੋਦ ਸ਼ਰਮਾ) ਦੇਸ਼ ਦੀ ਦਿੱਗਜ ਕੈਬ ਸੇਵਾ ਦੇਣ ਵਾਲੀ ਕੰਪਨੀ ਓਲਾ ਨੇ ਗੂਗਲ ਮੈਪਸ ਨਾਲੋਂ ਨਾਤਾ ਤੋੜ ਲਿਆ ਹੈ। ਹੁਣ ਕੰਪਨੀ ਆਪਣੇ ਕੈਬ ਸੰਚਾਲਨ ਲਈ ਖੁਦ ਵਿਕਸਤ ਕੀਤੇ ਗਏ ਓਲਾ ਮੈਪਸ ਦੀ ਹੀ ਵਰਤੋਂ ਕਰੇਗੀ। ਓਲਾ ਗਰੁੱਪ ਦੇ ਸਹਿ ਸੰਸਥਾਪਕ ਤੇ ਚੇਅਰਮੈਨ ਭਾਵਿਸ਼ ਅਗਰਵਾਲ ਨੇ ਐਕਸ ਪੋਸਟ 'ਤੇ ਕਿਹਾ ਕਿ ਗੂਗਲ ਮੈਪਸ ਨਾਲੋਂ ਨਾਤਾ ਤੋੜਨ 'ਤੇ ਕੰਪਨੀ ਨੂੰ ਹਰ ਸਾਲ ਕਰੀਬ 100 ਕਰੋੜ ਰੁਪਏ ਦੀ ਬੱਚਤ ਹੋਵੇਗੀ।


## ਦੁਕਾਨ ਨੂੰ ਅੱਗ ਲੱਗਣ ਕਾਰਨ ਸਮਾਨ ਸੜਿਆ



ਲੁਧਿਆਣਾ (ਲੋਕ ਬਾਣੀ) ਇਥੋਂ ਦੇ ਸਿਵਲ ਲਾਈਨਜ਼ ਖੇਤਰ ਵਿੱਚ ਇੱਕ ਦੁਕਾਨ ਵਿਚ ਭਿਆਨਕ ਅੱਗ ਲੱਗਣ ਕਾਰਨ ਸਮਾਨ ਸੜ ਗਿਆ॥ ਦਮਕਲ ਵਿਭਾਗ ਦੇ ਅਧਿਕਾਰੀ ਨੇ ਦੱਸਿਆ ਕਿ ਅੱਗ ਬੁਝਾਉਣ ਲਈ ਛੇ ਦਮਕਲ ਗੱਡੀਆਂ ਨੂੰ ਕਰੀਬ 2 ਘੰਟੇ ਲੱਗ ਗਏ, ਹਾਲਾਂਕਿ ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ। ਅੱਗ ਲੱਗਣ ਕਾਰਨ ਦੁਕਾਨ ਦਾ ਸਮਾਨ ਪਰਸ, ਬੈਗ, ਸਕੂਲ ਬੈਗ ਆਦਿ ਸੜ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਅੱਗ ਲੱਗਣ ਦੇ ਕਾਰਨਾਂ ਦਾ ਹਾਲੇ ਪਤਾ ਨਹੀਂ ਲੱਗ ਸਕਿਆ ਹੈ


ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਕੈਨੇਡਾ/ਯੂ. ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ ਤੋਂ 30 ਮਾਰਚ ਤੱਕ ਲੱਗੇ
easyvisa | 8194828282

# ਪੰਜਾਬ-ਹਰਿਆਣਾ ਹਾਈਕੋਰਟ ਵੱਲੋਂ ਮੁਲਾਜ਼ਮਾਂ ਦੀ ਪੈਨਸ਼ਨ ਸਬੰਧੀ ਪਟੀਸ਼ਨ ਖਾਰਜ




ਚੰਡੀਗੜ੍ਹ : (ਲੋਕ ਬਾਣੀ)
ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਮੁਲਾਜ਼ਮਾਂ ਨੂੰ ਵੱਡਾ ਝਟਕਾ ਦਿੰਦਿਆਂ ਪੰਜਾਬ-ਹਰਿਆਣਾ ਹਾਈ ਕੋਰਟ ਨੇ ਪੈਨਸ਼ਨ ਦੀ ਮੰਗ ਨੂੰ ਲੈ ਕੇ ਦਾਇਰ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਕਿ ਨੀਤੀਗਤ ਫੈਸਲੇ ਲੈਣਾ ਸਰਕਾਰ ਦਾ ਕੰਮ ਹੈ ਅਤੇ ਉਨ੍ਹਾਂ ਨੇ ਮਾੜੀ ਆਰਥਿਕ ਸਥਿਤੀ ਕਾਰਨ ਪਟੀਸ਼ਨਰਾਂ ਲਈ ਪੈਨਸ਼ਨ ਦਾ ਪ੍ਰਬੰਧ ਨਹੀਂ ਕੀਤਾ ਹੈ। ਇਹ ਨਿਰੋਲ ਨੀਤੀਗਤ ਮਾਮਲਾ ਹੈ ਜਿਸ ਵਿੱਚ ਅਦਾਲਤ ਦਾ ਦਖ਼ਲ ਠੀਕ ਨਹੀਂ ਹੈ।
ਪਟੀਸ਼ਨ ਦਾਇਰ ਕਰਦਿਆਂ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਮੁਲਾਜ਼ਮਾਂ ਨੇ ਹਾਈ ਕੋਰਟ ਨੂੰ ਦੱਸਿਆ ਕਿ ਪੰਜਾਬ ਦੇ ਸਾਰੇ ਵਿਭਾਗਾਂ ਵਿੱਚ ਮੁਲਾਜ਼ਮਾਂ ਨੂੰ ਪੈਨਸ਼ਨ ਦਿੱਤੀ ਜਾਂਦੀ ਹੈ ਪਰ ਪਟੀਸ਼ਨਰਾਂ ਨੂੰ ਨਹੀਂ।
ਉਨ੍ਹਾਂ ਸਰਕਾਰ ਨੂੰ ਪੈਨਸ਼ਨ ਦੀ ਮੰਗ ਨੂੰ ਲੈ ਕੇ ਮੰਗ ਪੱਤਰ ਵੀ ਦਿੱਤਾ ਸੀ। ਬੋਰਡ ਨੇ ਪ੍ਰਸਤਾਵ ਤਿਆਰ ਕੀਤਾ ਸੀ ਕਿ ਮੁਲਾਜ਼ਮਾਂ ਨੂੰ ਪੈਨਸ਼ਨ ਬੋਰਡ ਦੇ ਫੰਡਾਂ ਵਿੱਚੋਂ ਦਿੱਤੀ ਜਾ ਸਕਦੀ ਹੈ।
ਪਟੀਸ਼ਨ ਦਾ ਵਿਰੋਧ ਕਰਦਿਆਂ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਐਡਵੋਕੇਟ ਤੀਵਰ ਸ਼ਰਮਾ ਨੇ ਕਿਹਾ ਕਿ ਪਟੀਸ਼ਨਰਾਂ ਦੀ ਨਿਯੁਕਤੀ ਦੀ ਹਾਲਤ ਵਿੱਚ ਪੈਨਸ਼ਨ ਦਾ ਕੋਈ ਪ੍ਰਬੰਧ ਨਹੀਂ ਹੈ। ਇਸ ਦੇ ਨਾਲ ਹੀ ਪੈਨਸ਼ਨ ਅਤੇ ਸੇਵਾ ਨਿਯਮ ਸਰਕਾਰ ਦਾ ਮਾਮਲਾ ਹੈ ਅਤੇ ਅਦਾਲਤ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਨਹੀਂ ਕਰਨੀਆਂ ਚਾਹੀਦੀਆਂ।

ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਹਾਈ ਕੋਰਟ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਇਹ ਇੱਕ ਚੰਗੀ ਤਰ੍ਹਾਂ ਸਥਾਪਿਤ ਕਾਨੂੰਨ ਹੈ ਕਿ ਨੀਤੀਗਤ ਮਾਮਲਿਆਂ ਦੀ ਜਾਂਚ ਵਿੱਚ ਨਿਆਂਇਕ ਸਮੀਖਿਆ ਦਾ ਦਾਇਰਾ ਬਹੁਤ ਸੀਮਤ ਹੈ।
ਅਦਾਲਤਾਂ ਕਿਸੇ ਨੀਤੀ ਦੀ ਸ਼ੁੱਧਤਾ, ਉਚਿਤਤਾ ਜਾਂ ਨਿਪੁੰਨਤਾ ਦੀ ਜਾਂਚ ਨਹੀਂ ਕਰ ਸਕਦੀਆਂ, ਅਤੇ ਨਾ ਹੀ ਅਦਾਲਤਾਂ ਪਾਲਿਸੀ ਦੇ ਮਾਮਲਿਆਂ ਵਿੱਚ ਕਾਰਜਕਾਰੀ ਦੇ ਸਲਾਹਕਾਰ ਹਨ ਜੋ ਕਾਰਜਕਾਰੀ ਨੂੰ ਬਣਾਉਣ ਦਾ ਅਧਿਕਾਰ ਹੈ।
ਨੀਤੀਗਤ ਫੈਸਲੇ ਦੀ ਨਿਆਂਇਕ ਸਮੀਖਿਆ ਅਤੇ ਕਿਸੇ ਖਾਸ ਤਰੀਕੇ ਨਾਲ ਨੀਤੀ ਬਣਾਉਣ ਲਈ ਹੁਕਮ ਜਾਰੀ ਕਰਨਾ ਦੋ ਵੱਖ-ਵੱਖ ਗੱਲਾਂ ਹਨ। ਬਿਹਤਰ ਪ੍ਰਸ਼ਾਸਨ ਲਈ ਮੌਜੂਦਾ ਹਾਲਾਤਾਂ ਦੇ ਆਧਾਰ 'ਤੇ ਨੀਤੀਗਤ ਫੈਸਲੇ ਲੈਣਾ ਕਾਰਜਕਾਰੀ ਦੇ ਅਧਿਕਾਰ ਖੇਤਰ ਦੇ ਅੰਦਰ ਹੈ। ਕਾਨੂੰਨ ਬਣਾਉਣਾ ਅਦਾਲਤਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਹੈ, ਅਸੀਂ ਕਾਨੂੰਨਾਂ ਦੀ ਵਿਆਖਿਆ ਕਰਦੇ ਹਾਂ ਅਤੇ ਅਜਿਹੀ ਵਿਆਖਿਆ ਵਿੱਚ ਕੁਝ ਰਚਨਾਤਮਕ ਪ੍ਰਕਿਰਿਆ ਸ਼ਾਮਲ ਹੁੰਦੀ ਹੈ।
ਅਦਾਲਤਾਂ ਕੋਲ ਕਾਨੂੰਨ ਨੂੰ ਅਸੰਵਿਧਾਨਕ ਘੋਸ਼ਿਤ ਕਰਨ ਦੀ ਸ਼ਕਤੀ ਹੈ ਜਦੋਂ ਲੋੜ ਹੋਵੇ। ਅਦਾਲਤ ਨੂੰ ਕਿਸੇ ਨੀਤੀਗਤ ਫੈਸਲੇ ਦੀ ਵੈਧਤਾ 'ਤੇ ਵਿਚਾਰ ਕਰਨਾ ਚਾਹੀਦਾ ਹੈ ਜਦੋਂ ਇਹ ਸੰਵਿਧਾਨ ਦੁਆਰਾ ਨਿਰਧਾਰਤ ਮੌਲਿਕ ਅਧਿਕਾਰਾਂ ਜਾਂ ਕਿਸੇ ਹੋਰ ਵਿਧਾਨਕ ਅਧਿਕਾਰ ਦੀ ਉਲੰਘਣਾ ਕਰਦਾ ਹੈ।
ਇਨ੍ਹਾਂ ਟਿੱਪਣੀਆਂ ਨਾਲ ਹਾਈ ਕੋਰਟ ਨੇ ਮੁਲਾਜ਼ਮਾਂ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ।

# ਕੇਂਦਰ ਸਰਕਾਰ ਵੱਲੋਂ ਨਵੇਂ ਲਾਗੂ ਕਾਨੂੰਨਾ ਬਾਰੇ ਲੋਕਾਂ ਨੂੰ ਜਾਗਰੂਕ ਹੋਣਾ ਜਰੂਰੀ ਐਸਐਚਓ ਢਿੱਲੋਂ



ਬਰਨਾਲਾ, (ਲੋਕ ਬਾਣੀ) ਭਾਰਤ ਸਰਕਾਰ ਵੱਲੋਂ ਲਿਆਂਦੇ ਗਏ ਨਵੇਂ ਕਨੂੰਨਾਂ ਸੰਬੰਧੀ ਥਾਣਾ ਸਿਟੀ-1 ਬਰਨਾਲਾ ਵਿਖੇ ਲੋਕਾਂ ਨੂੰ ਐਸ ਐਚ ਓ ਬਲਜੀਤ ਸਿੰਘ ਢਿੱਲੋ ਵੱਲੋਂ ਸ਼ਹਿਰ ਦੇ ਵਪਾਰੀਆਂ ਤੇ ਹੋਰ ਪਤਵੰਤਿਆਂ ਨਾਲ ਮੀਟਿੰਗ ਕਰਕੇ ਜਾਗਰੂਕ ਕੀਤਾ ਗਿਆ। ਮੀਟਿੰਗ ਦੌਰਾਨ ਐਸ ਐਚ ਓ ਇੰਸਪੈਕਟਰ ਬਲਜੀਤ ਸਿੰਘ ਢਿੱਲੋ ਨੇ ਜਾਣਕਾਰੀ ਦਿੰਦਿਆਂ ਦੱਸਿਆ ਐਸ ਐਸ ਪੀ ਬਰਨਾਲਾ ਸੰਦੀਪ ਕੁਮਾਰ ਮਲਿਕ, ਐਸ ਪੀ ਡੀ ਸੰਦੀਪ ਸਿੰਘ ਮੰਡ ਅਤੇ ਡੀ ਐਸ ਪੀ ਸਿਟੀ ਸਤਵੀਰ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜੋ ਭਾਰਤ ਸਰਕਾਰ ਵੱਲੋਂ ਨਵੇਂ ਕਾਨੂੰਨ ਲਿਆਂਦੇ ਗਏ ਹਨ, ਉਨ੍ਹਾਂ ਬਾਰੇ ਇੱਕ ਵਪਾਰੀਆ ਨਾਲ ਮੀਟਿੰਗ ਕੀਤੀ ਗਈ ਮੀਟਿੰਗ ਵਿੱਚ ਨਵੇਂ ਲਾਗੂ ਕੀਤੇ ਕਾਨੂੰਨਾਂ ਬਾਰੇ ਜਾਗਰੂਕ ਕੀਤਾ ਗਿਆ ਅਤੇ ਇਨ੍ਹਾਂ ਕਨੂੰਨਾਂ ਬਾਰੇ ਜਾਗਰੂਕ ਹੋਣਾ ਸਮੇਂ ਦੀ ਮੁੱਖ ਲੋੜ ਹੈ, ਤਾਂ ਜੋ ਅਪਰਾਧ ਘੱਟ ਸਕਣ । ਉਹਨਾਂ ਕਿਹਾ ਕਿ ਪਹਿਲਾਂ ਬਣੇ ਕਾਨੂੰਨ ਨਾਲੋਂ ਨਵੇਂ ਬਣਾਏ ਗਏ ਕਾਨੂੰਨ ਸਖਤ ਹਨ ਜਿਸ ਨਾਲ ਲੋਕਾਂ ਨੂੰ ਇਨਸਾਫ਼ ਜਲਦੀ ਮਿਲੇਗਾ। ਇਸ ਮੌਕੇ ਵਪਾਰ ਮੰਡਲ ਦੇ ਮੀਤ ਪ੍ਰਧਾਨ ਮੋਨੂ ਗੋਇਲ, ਜੀਵਨ, ਜਗਦੀਸ਼ ਚੰਦ, ਹਰਦੇਵ ਸਿੰਘ ਭੱਠਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਪਾਰੀ ਤੇ ਹੋਰ ਪਤਵੰਤੇ ਹਾਜ਼ਰ ਸਨ।

# ਮੌਸਮ ਵਿਭਾਗ ਪੰਜਾਬ ਵੱਲੋਂ ਭਾਰੀ ਮੀਂਹ ਦੀ ਚੇਤਾਵਨੀ,



ਚੰਡੀਗੜ੍ਹ : (ਲੋਕ ਬਾਣੀ) ਦੇਸ਼ ਭਰ ਵਿੱਚ ਮਾਨਸੂਨ ਦੀ ਬਾਰਿਸ਼ ਆਫ਼ਤ ਬਣ ਰਹੀ ਹੈ। ਭਾਵੇਂ ਲੋਕਾਂ ਨੂੰ ਕੜਾਕੇ ਦੀ ਗਰਮੀ ਤੋਂ ਰਾਹਤ ਮਿਲੀ ਹੈ, ਪਰ ਭਾਰੀ ਮੀਂਹ ਕਾਰਨ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ।
ਉਥੇ ਹੀ ਦੂਜੇ ਪਾਸੇ, ਮੌਸਮ ਵਿਭਾਗ ਪੰਜਾਬ ਦੇ ਵਲੋਂ ਸੂਬੇ ਦੇ ਕਈ ਹਿੱਸਿਆਂ ਵਿਚ ਭਾਰੀ ਮੀਂਹ ਪੈਣ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ।
ਮੀਂਹ ਕਾਰਨ ਉੱਤਰ-ਪੂਰਬ ਦੇ 3 ਰਾਜ ਹੜ੍ਹ ਦੀ ਲਪੇਟ ਵਿੱਚ ਹਨ। ਹਿਮਾਚਲ ਪ੍ਰਦੇਸ਼ ਵਿੱਚ ਵੀ ਹੜ੍ਹ ਦਾ ਖਤਰਾ ਹੈ। ਜਿੱਥੇ ਉੱਤਰ ਪ੍ਰਦੇਸ਼, ਬਿਹਾਰ ਅਤੇ ਉੱਤਰਾਖੰਡ ਵਿੱਚ ਨਦੀਆਂ ਦਾ ਪਾਣੀ ਵਧ ਰਿਹਾ ਹੈ, ਉੱਥੇ ਪਹਾੜਾਂ ਤੋਂ ਮਲਬੇ ਅਤੇ ਪੱਥਰਾਂ ਦੇ ਨਾਲ ਭਾਰੀ ਪਾਣੀ ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਵਿੱਚ ਤਬਾਹੀ ਮਚਾ ਰਿਹਾ ਹੈ।
ਇਸ ਵਾਰ ਬਰਸਾਤ ਦੇ ਪਾਣੀ 'ਚ ਡੁੱਬ ਕੇ ਇਨਸਾਨ ਹੀ ਨਹੀਂ ਜਾਨਵਰ ਵੀ ਆਪਣੀ ਜਾਨ ਗੁਆ ਰਹੇ ਹਨ। ਅਸਾਮ ਦੇ ਕਾਂਜੀਰੰਗਾ ਨੈਸ਼ਨਲ ਪਾਰਕ ਵਿੱਚ ਹੜ੍ਹ ਕਾਰਨ 15 ਤੋਂ ਵੱਧ ਜਾਨਵਰਾਂ ਦੀ ਮੌਤ ਹੋ ਗਈ ਹੈ।
ਬਿਹਾਰ 'ਚ 11 ਪੁਲ ਵਹਿ ਗਏ ਹਨ। ਉੱਤਰਾਖੰਡ ਵਿੱਚ 4 ਧਾਮ ਯਾਤਰਾ ਰੋਕ ਦਿੱਤੀ ਗਈ ਹੈ। ਮੌਸਮ ਵਿਭਾਗ ਨੇ ਦੇਸ਼ ਦੇ ਕਰੀਬ 15 ਰਾਜਾਂ ਵਿੱਚ ਭਾਰੀ ਮੀਂਹ ਦੀ ਭਵਿੱਖਬਾਣੀ ਕੀਤੀ ਹੈ।
ਮੌਸਮ ਵਿਭਾਗ ਮੁਤਾਬਕ ਦਿੱਲੀ-ਐਨਸੀਆਰ ਵਿੱਚ ਪਿਛਲੇ 2 ਦਿਨਾਂ ਤੋਂ ਮੀਂਹ ਪੈ ਰਿਹਾ ਹੈ। ਪੂਰੇ ਜੁਲਾਈ ਮਹੀਨੇ ਦੌਰਾਨ ਦਿੱਲੀ ਵਿੱਚ ਮੀਂਹ ਲਈ ਯੈਲੋ ਅਲਰਟ ਰਹੇਗਾ।
ਇਸ ਤੋਂ ਇਲਾਵਾ ਪੰਜਾਬ, ਹਰਿਆਣਾ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਉੱਤਰ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਝਾਰਖੰਡ, ਬਿਹਾਰ, ਗੋਆ, ਮਹਾਰਾਸ਼ਟਰ ਸਮੇਤ ਕਈ ਰਾਜਾਂ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ।

# ਗੋ ਗਰੀਨ ਮਿਸ਼ਨ ਤਹਿਤ ਖੇਤੀਬਾੜੀ ਵਿਭਾਗ ਬਲਾਕ ਮਾਂਗਟ ਨੇ ਲਗਾਏ ਬੂਟੇ



ਸ੍ਰੀ ਮਾਛੀਵਾੜਾ ਸਾਹਿਬ- (ਲੋਕ ਬਾਣੀ) ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਮਾਂਗਟ ਦੇ ਪਿੰਡ ਕੜਿਆਣਾ ਕਲਾਂ ਵਿਖੇ ਡਿਪਟੀ ਕਮਿਸ਼ਨਰ ਲੁਧਿਆਣਾ ਸਾਕਸੀ ਸ਼ਾਹਨੀ ਦੀ ਯੋਗ ਰਹਿਨੁਮਾਈ ਹੇਠ ਅਤੇ ਮੁੱਖ ਖੇਤੀਬਾੜੀ ਅਫਸਰ ਲੁਧਿਆਣਾ ਡਾ. ਪ੍ਰਕਾਸ਼ ਸਿੰਘ ਤੇ ਖੇਤੀਬਾੜੀ ਅਫ਼ਸਰ ਬਲਾਕ ਮਾਂਗਟ ਡਾ. ਜਸਵਿੰਦਰ ਸਿੰਘ ਦੀ ਅਗਵਾਈ ਹੇਠ ਡਾ. ਸੰਦੀਪ ਸਿੰਘ (ਖੇਤੀਬਾੜੀ ਵਿਕਾਸ ਅਫਸਰ ਜਿਲਾ ਕੰਮ ਬਲਾਕ ਮਾਂਗਟ ਲੁਧਿਆਣਾ)
ਸ੍ਰੌਰਵ ਜੈਨ (ਬਲਾਕ ਟੈਕਨੋਲੋਜੀ ਮੈਨੇਜਰ) ਸ੍ਰੀ ਚਰਨਜੀਤ ਸਿੰਘ (ਖੇਤੀਬਾੜੀ ਉਪ ਨਿਰੇਖਕ) ਅਤੇ ਸ੍ਰੀ ਜਸਪਾਲ ਸਿੰਘ (ਐਗਰੀਕਲਚਰ ਟੈਕਨੋਲਜੀ ਮੈਨੇਜਰ),ਅਮਿਤ ਕੁਮਾਰ ਮੈਨੇਜਰ ਕੋਆਪ੍ਰਟਿਵ ਬੈਂਕ ਮੱਤੇਵਾੜਾ,ਸਰਬਜੀਤ ਸਿੰਘ ਜਿਲਾ ਪ੍ਰਧਾਨ (ਆਪ) ਵੱਲੋਂ ਦੀ ਕੜਿਆਣਾ ਕਲਾਂ ਖੇਤੀਬਾੜੀ ਸਹਿਕਾਰੀ ਸਭਾ ਦੇ ਪ੍ਰਧਾਨ ਪਰਮਿੰਦਰ ਸਿੰਘ ਬੈਂਸ, ਮੀਤ ਪ੍ਰਧਾਨ ਭੁਪਿੰਦਰ ਸਿੰਘ ਗਿੱਲ,ਸਤਵਿੰਦਰ ਸਿੰਘ ਬੈਂਸ,ਅਮਰਜੀਤ ਸਿੰਘ ਗਿੱਲ,ਫ਼ਕੀਰ ਚੰਦ,ਹਰਮਨਦੀਪ ਸਿੰਘ ਗਿੱਲ,ਚਰਨਜੀਤ ਸਿੰਘ ਨੰਬਰਦਾਰ,ਜਸਵੀਰ ਸਿੰਘ,ਮਨਪ੍ਰੀਤ ਸਿੰਘ,ਮੁਖ਼ਤਿਆਰ ਸਿੰਘ,ਜ਼ੋਰਾ ਸਿੰਘ ਗਿੱਲ ਕਮੇਟੀ ਮੈਬਰਸ ਅਤੇ ਪਰਵਿੰਦਰ ਸਿੰਘ ਸਕੱਤਰ ਸਹਿਕਾਰੀ ਖੇਤੀਬਾੜੀ ਸਭਾ ਕੜਿਆਣਾ ਕਲਾਂ, ਅਤੇ ਹੋਰ ਮਹਿੰਦਰ ਸਿੰਘ ਫੌਜੀ,ਸੁੱਚਾ ਸਿੰਘ ਸਰਪੰਚ,ਸੁਖਦੇਵ ਸਿੰਘ ਸਰਪੰਚ,ਬਲਵਿੰਦਰ ਸਿੰਘ ਸਰਪੰਚ,ਵਿਸਾਖਾ ਰਾਮ ਅਤੇ ਜਗਦੇਵ ਰਾਮ ਮੈਬਰ ਅਤੇ ਕਿਸਾਨ ਸੁਖਵੰਤ ਸਿੰਘ ਢਿੱਲੋ,ਮਹਿੰਦਰ ਸਿੰਘ ਗਿੱਲ,ਮੱਖਣ ਰਾਮ, ਗੁਰਦੀਪ ਸਿੰਘ,ਦਲਬਾਰਾ ਸਿੰਘ,ਜਗਰਾਜ ਸਿੰਘ ਗਿੱਲ,ਸਨਪਰੀਤ ਸਿੰਘ,ਸੁਖਵਿੰਦਰ ਸਿੰਘ,ਬੂਟਾ ਸਿੰਘ ਗਿੱਲ,ਸੁਖਵਿੰਦਰ ਸਿੰਘ ਮਾਂਗਟ,ਸੁਖਜਿੰਦਰ ਸਿੰਘ,ਕਾਬਲ ਸਿੰਘ ਸਾਬਕਾ ਸਰਪੰਚ,ਮਲਕੀਤ ਸਿੰਘ ਢਿੱਲੋ,ਬਲਵਿੰਦਰ ਸਿੰਘ,ਦਲਬੀਰ ਸਿੰਘ ਗਿੱਲ,ਗੁਰਵਿੰਦਰ ਸਿੰਘ ਗਿੱਲ,ਪਰਮਿੰਦਰ ਸਿੰਘ ਮਾਨ,ਪਰਮਜੀਤ ਸਿੰਘ,ਜਸਪਰੀਤ ਸਿੰਘ,ਸੁਰਿੰਦਰ ਸਿੰਘ ਗਿੱਲ,ਭੁਪਿੰਦਰ ਸਿੰਘ ਗਿੱਲ,ਬਾਗ ਸਿੰਘ ਚਾਚਾ,ਸੰਦੀਪ ਸਿੰਘ, ਬਲਜੀਤ ਸਿੰਘ ਅਤੇ ਹੋਰ ਪਿੰਡ ਦੇ ਕਿਸਾਨਾਂ ਦੇ ਸਹਿਯੋਗ ਨਾਲ ਕਿਸਾਨਾਂ ਦੀਆਂ ਮੋਟਰਾਂ ਅਤੇ ਪਿੰਡ ਵਿੱਚ ਪਈਆਂ ਖਾਲੀ ਥਾਵਾਂ ਤੇ ਲਗਾਉਣ ਲਈ ਫਲਦਾਰ ਅਤੇ ਛਾਂਦਾਰ ਬੂਟੇ ਵੰਡੇ ਗਏ। ਉਹਨਾਂ ਇਸ ਮੌਕੇ ਵੱਧ ਰਹੇ ਤਾਪਮਾਨ ਸਬੰਧੀ ਚਿੰਤਾ ਪ੍ਰਗਟ ਕੀਤੀ ਅਤੇ ਕਿਸਾਨਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਆਖਿਆ।

# ਪੰਜਾਬ ਰਾਜ ਪੈਨਸ਼ਨਰ ਮਹਾਂ ਸੰਘ ਇਕਾਈ ਮਾਛੀਵਾੜਾ ਦੀ ਮੀਟਿੰਗ ਹੋਈ




ਸ਼੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ) ਸ਼ੁਭਮ ਕੌਸ਼ਲ-ਪੰਜਾਬ ਰਾਜ ਪੈਨਸ਼ਨਰਜ਼ ਮਹਾਂਸੰਘ ਇਕਾਈ ਮਾਛੀਵਾੜਾ ਸਾਹਿਬ ਦੀ ਮਾਸਿਕ ਮੀਟਿੰਗ ਰਾਮ ਸਿੰਘ ਕਾਲੜਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਸ਼ੁਰੂਆਤ ਵਿਚ ਸਾਥੀ ਹਰਬੰਸ ਸਿੰਘ ਅਤੇ ਭੈਣ ਅਵਤਾਰ ਕੌਰ ਦੇ ਅਕਾਲ ਚਲਾਣੇ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਤਰਲੋਚਨ ਸਿੰਘ, ਗੁਰਮੀਤ ਸਿੰਘ, ਗੁਰਦਿਆਲ ਸਿੰਘ, ਹਾਕਮ ਸਿੰਘ, ਧਰਮਪਾਲ ਨੇ ਸਰਕਾਰ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਮੰਨਣ ਸਬੰਧੀ ਧਾਰੀ ਚੁੱਪ ਦੀ ਨਿਖੇਧੀ ਕਰ ਮੰਗਾਂ ਮੰਨਣ ਦੀ ਅਪੀਲ ਕਰਦੇ ਹੋਏ ਕੋਰਟਾਂ ਦੇ ਫੈਸਲੇ ਜਨਰਲਾਈਜ਼ ਕਰਨ ਦੀ ਮੰਗ ਕੀਤੀ। ਮੀਟਿੰਗ ਵਿੱਚ ਲਾਈਫ ਟਾਈਮ ਏਰੀਅਰ ਅਤੇ ਐੱਲ.ਟੀ.ਸੀ. ਦੇ ਫਾਰਮ ਵੀ ਭਰਵਾਏ ਗਏ। ਅੰਤ ਵਿਚ ਪ੍ਰਧਾਨ ਰਾਮ ਸਿੰਘ ਕਾਲੜਾ ਨੇ ਰਿੱਟ ਪਟੀਸ਼ਨਾਂ ਬਾਰੇ ਅਤੇ ਹੋਰ ਜਨਰਲ ਜਾਣਕਾਰੀਆਂ ਦਿੰਦੇ ਹੋਏ ਪੈਨਸ਼ਨਰਜ਼ ਨੂੰ ਆਪਣੀਆਂ ਹੱਕੀ ਮੰਗਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੇ ਮੁਲਾਜ਼ਮ, ਪੈਨਸ਼ਨਰਜ਼ ਫਰੰਟ ਦੇ ਆਗੂਆਂ ਨੂੰ ਮੀਟਿੰਗ 'ਚ ਵਿਸ਼ਵਾਸ ਦਿਵਾਇਆ ਹੈ ਕਿ ਉਨ੍ਹਾਂ ਦੀਆਂ ਮੰਗਾਂ ਸਬੰਧੀ 25 ਜੁਲਾਈ ਨੂੰ ਵਿਸਥਾਰ ਨਾਲ ਗੱਲਬਾਤ ਕੀਤੀ ਜਾਵੇਗੀ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ 25 ਜੁਲਾਈ ਨੂੰ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਆਉਣ ਵਾਲੀਆਂ ਚੋਣਾਂ ਵਿਚ ਸਰਕਾਰ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਜਗਜੀਤ ਸਿੰਘ ਖੁਰਾਣਾ, ਗੁਰਜੀਤ ਸਿੰਘ, ਦਿਆਲ ਸਿੰਘ, ਤਾਰਾ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਮੇਹਰ ਸਿੰਘ, ਸੁਰਜੀਤ ਸਿੰਘ ਮੱਲ੍ਹੀ, ਭਾਰਤ ਭੂਸ਼ਣ, ਰਵਿੰਦਰ ਸਿੰਘ, ਲਾਲ ਸਿੰਘ, ਰਣਜੀਤ ਸਿੰਘ, ਚਮਨ ਲਾਲ, ਹਰੀ ਸਿੰਘ, ਇੰਸਪੈਕਟਰ ਰਣਜੀਤ ਸਿੰਘ, ਲਖਵਿੰਦਰ ਸਿੰਘ, ਹਰਬੰਸ ਸਿੰਘ, ਅਤੇ ਹੋਰ ਅਨੇਕਾਂ ਹਰਜਿੰਦਰ ਸਿੰਘ, ਸ਼ਮਸ਼ੇਰ ਸਿੰਘ ਆਦਿ ਮੌਜੂਦ ਸਨ।

# ਰੂਹਾਨੀਅਤ ਦੇ ਮਾਲਕ ਧੰਨ ਧੰਨ ਬਾਬਾ ਛੱਜੋ ਜੀ ਦਾ ਸਲਾਨਾ ਜੋੜ ਮੇਲਾ ਪੂਰੇ ਅਤੇ ਧੂਮ ਧਾਮ ਨਾਲ ਮਨਾਇਆ ਗਿਆ




ਮਾਨਾਵਾਲਾ (ਲੋਕ ਬਾਣੀ) ਅੰਮ੍ਰਿਤਸਰ ਜੀ ਟੀ ਰੋਡ ਨੈਸ਼ਨਲ ਹਾਈਵੇ ਅੱਡਾ ਮਾਨਾ ਵਾਲਾ ਕਲਾ ਸਾਹਮਣੇ ਬੈਸਟ ਪ੍ਰਾਈਜ ਰੂਹਾਨੀਯਤ ਦੇ ਮਾਲਕ,ਤਪ ਅਸਥਾਨ ਧੰਨ ਧੰਨ ਬਾਬਾ ਛੱਜੋ ਜੀ ਜਿਨਾਂ ਦੀ ਨਿੱਘੀ ਯਾਦ ਵਿੱਚ ਸਲਾਨਾ ਜੋਲ ਮੇਲਾ ਸਮੂਹ ਪ੍ਰਬੰਧਕ ਕਮੇਟੀ ਅਤੇ ਇਲਾਕਾ ਵਾਸੀਆਂ ਦੇ ਮਿਲੇ ਸਹਿਯੋਗ ਨਾਲ ਸੰਪੂਰਨ ਮਰਿਆਦਾ ਅਨੁਸਾਰ ਪੂਰੀ ਧੂਮ ਧਾਮ ਅਤੇ ਉਤਸ਼ਾਹ ਨਾਲ ਬਾਬਾ ਜੀ ਦੀ ਅਪਾਰ ਕਿਰਪਾ ਸਦਕਾ ਮਨਾਇਆ ਗਿਆ ਇਹ ਸਲਾਨਾ ਜੋੜ ਮੇਲਾ ਜਿੱਥੇ ਬਾਬਾ ਜੀ ਦੇ ਸਥਾਪਤ ਅਸਥਾਨ ਉੱਤੇ ਤਿੰਨ ਦਿਨ ਲੜੀਵਾਰ ਚੱਲੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਮਗਰੋਂ ਮਨਾਇਆ ਗਿਆ ਉਥੇ ਨਾਲ ਹੀ ਗੁਰਦੁਆਰਾ ਸਾਹਿਬ ਜੀ ਦੇ ਹੈਡ ਗ੍ਰੰਥੀ ਸਾਹਿਬ ਭਾਈ ਜੀ ਵਲੋਂ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਉਪਰੰਤ ਤਿਆਰ ਕੜਾਹ ਪ੍ਰਸ਼ਾਦ ਦੀ ਦੇਗ ਨੂੰ ਸੰਗਤ ਵਿੱਚ ਵਰਤਾਇਆ ਗਿਆ ਬਾਬਾ ਜੀ ਤੋਂ ਆਸਾ ਮੁਰਾਦਾ ਲੈਣ ਲਈ ਪਹੁੰਚੀਆ ਸੰਗਤਾ ਲਈ ਗੁਰੂ ਕਾ ਅਟੁੱਟ ਲੰਗਰ ਤੇ ਠੰਢੇ ਮਿੱਠੇ ਜਲ ਦੀ ਛਬੀਲ ਅਤੇ ਫਲਾਂ ਦੇ ਜੂਸ ਦਾ ਰਸ ਉਤਸ਼ਾਹ ਨਾਲ ਸੰਗਤਾਂ ਨੂੰ ਛਕਾਇਆ ਗਿਆ ਇਸਦੇ ਨਾਲ ਹੀ ਪ੍ਰਬੰਧਕ ਕਮੇਟੀ ਦੇ ਸੁਨੇਹੇ 'ਤੇ ਨਿਮਰਤਾ ਸਹਿਤ ਠਾਠਾ ਮਾਰਦਾ ਸੰਗਤ ਦਾਂ ਇਕੱਠ ਜਿਸਨੂੰ ਸਮੂਹ ਪ੍ਰਬੰਧਕ ਕਮੇਟੀ ਮੈਂਬਰਾਂ ਅਤੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਸ੍ਰ ਸਮਿੱਤਰ ਸਿੰਘ ਜੀ ਨੇ ਸੰਗਤ ਅਤੇ ਸੇਵਾ ਨਿਭਾਉਣ ਵਾਲੇ ਸੇਵਾਦਾਰਾਂ ਦਾ ਦਿਲੋਂ ਧੰਨਵਾਦ ਕੀਤਾ। ਪੂਰਾ ਦਿਨ ਜੋੜਾ ਘਰ ਅਤੇ ਧੰਨ ਧੰਨ ਬਾਬਾ ਛੱਜੋਂ ਜੀ ਮੋਟਰਸਾਈਕਲ ਸਟੈਂਡ ਸੇਵਾਦਾਰਾਂ ਵੱਲੋਂ ਸੇਵਾ ਨਿਭਾਈ ਗਈ। ਸਮੂਹ ਪ੍ਰਬੰਧਕ ਕਮੇਟੀ ਨੇ ਇਸ ਮੌਕੇ ਕਿਹਾ ਕਿ ਆਉਂਦੇ ਸਲਾਨਾ ਜੋੜ ਮੇਲੇ ਤੇ ਕੌਮੀ ਖੇਡਾਂ ਵੀ ਕਰਵਾਈਆਂ ਜਾਣਗੀਆਂ।

# ਪਹਿਲੇ ਪ੍ਰਕਾਸ਼ ਪੁਰਬ ਸਮਰਪਿਤ ਪੰਜ ਤਖਤ ਸਾਹਿਬਾਨ ਅਤੇ ਹੋਰ ਇਤਿਹਾਸਿਕ ਗੁਰੂ ਧਾਮਾਂ ਦੇ ਦਰਸ਼ਨਾਂ ਵਾਸਤੇ ਗੁਰਦੁਆਰਾ ਸ਼ਹੀਦ ਬਾਬਾ ਭੁਜੰਗ ਸਿੰਘ ਜੀ ਟ੍ਰਸਟ, ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਲੋਂ ਸਪੇਸ਼ਲ ਰੇਲ ਯਾਤਰਾ ਦਾ ਉਪਰਾਲਾ: ਸ੍ਰ ਰਵਿੰਦਰ ਸਿੰਘ ਬੁੰਗਈ

ਅੰਮ੍ਰਿਤਸਰ (ਲੋਕ ਬਾਣੀ) ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬਜੀ ਦੇ ਜੱਥੇਦਾਰ ਮਾਨਯੋਗ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ ਜੀ ਸਮੂੰਹ ਮਾਨਯੋਗ ਪੰਜਪਿਆਰੇ ਸਾਹਿਬਾਨ, ਮਾਨਯੋਗ ਸੰਤ ਬਾਬਾ ਨਰਿੰਦਰ ਸਿੰਘ ਜੀ ਮੁੱਖੀ ਗੁਰਦੁਆਰਾ ਲੰਗਰ ਸਾਹਿਬ ਅਤੇ ਸੰਤ ਬਾਬਾ ਬਲਵਿੰਦਰ ਸਿੰਘ ਜੀ ਕਾਰ ਸੇਵਾ ਵਾਲੇ ਇਨਾਂ ਦੇ ਆਸੀਸ ਪ੍ਰਾਪਤ ਕਰਕੇ ਪੰਜ ਤਖਤ ਸਾਹਿਬ ਅਤੇ ਹੋਰ ਗੁਰੂ ਧਾਮਾਂ ਦੇ ਦਰਸ਼ਨਾ ਵਾਸਤੇ ਮਿਤੀ 25 ਅਗਸਤ ਤੋਂ 6 ਸਤੰਬਰ 2024 ਦਰਮਿਆਨ ਪਹਿਲੇ ਪ੍ਰਕਾਸ਼ ਪੁਰਬ ਨਮਿਤ ਗੁਰਦੁਆਰਾ ਸ਼ਹੀਦ ਬਾਬਾ ਭੁਜੰਗ ਸਿੰਘ ਜੀ ਟ੍ਰਸਟ, ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵੱਲੋਂ ਸਪੇਸ਼ਲ ਰੇਲ ਯਾਤਰਾ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਯਾਤਰਾ ਵਿੱਚ 19 ਬੋਗੀਆ ਧਾਰਮਿਕ ਬੋਗੀ ਲਈ ਵੀ.ਆਯ.ਪੀ. ਏ.ਸੀ. ਸਲੂਨ, ਗੁਰੂ ਸਾਹਿਬ ਜੀ ਦੇ ਘੋੜੇ, ਲੰਗਰ ਵਾਸਤੇ ਪੈਨਟਰੀ ਕਾਰ, ਚਾਰ ਏ.ਸੀ.10 ਸਲੀਪਰ, 1 ਜਨਰਲ ਆਦਿ ਬੋਗੀ ਹੋਣਗੇ। ਇਸ ਯਾਤਰਾ ਵਿੱਚ ਗੁਰ ਮਰਿਯਾਦਾ ਅਨੁਸਾਰ ਪੂਜਾ-ਪਾਠ ਕੀਤਾ ਜਾਵੇਗਾ ਲਗਭਗ 1300 ਦੀ ਗਿਣਤੀ ਵਿੱਚ ਤਖਤ ਸਾਹਿਬਜੀ ਦੇ ਨਾਲ-ਨਾਲ ਆਲੇ- ਦੁਆਲੇ ਪਿੰਡ, ਤੇਲੰਗਾਨਾ, ਆਂਧਾ ਸਟੇਟ ਆਦਿ ਥਾਵਾਂ ਦੀ ਸੰਗਤ ਹੋਵੇਗੀ। ਇਸ ਯਾਤਰਾ ਵਾਸਤੇ ਗੁਰਦੁਆਰਾ ਸੱਚਖੰਡ ਬੋਰਡ ਦੇ ਮਾਨਯੋਗ ਪ੍ਰਸ਼ਾਸਕ-ਡਾ. ਸ੍ਰ.ਵਿਜੇ ਸਤਬੀਰ ਸਿੰਘ ਜੀ ਅਪਨੀ ਸ਼ੁਭਕਾਮਨਾਵਾਂ ਦਿੰਦੇ ਹੋਏ ਗੁਰਦੁਆਰਾ ਬੋਰਡ ਵੱਲੋਂ ਯਾਤਰਾ ਨੂੰ ਸਫਲ ਬਨਾਉਣ ਵਾਸਤੇ ਅਤੇ ਸੰਗਤ ਦੀ ਸੇਵਾ ਵਾਸਤੇ ਪੂਰਾ ਯੋਗਦਾਨ ਦੇਣ ਦਾ ਭਰੋਸਾ ਦਿੱਤਾ ਹੈ ਇਸ ਯਾਤਰਾ ਵਾਸਤੇ ਮਿਤੀ 23 ਅਗਸਤ 2024 ਨੂੰ ਤਖਤ ਸਾਹਿਬ ਵਿਖੇ ਅਖੰਡਪਾਠ ਰੱਖਿਆ ਗਿਆ ਹੈ। ਇਹ ਯਾਤਰਾ ਮਿਤੀ 25 ਅਗਸਤ 2024 ਨੂੰ ਤਖਤ ਸਾਹਿਬ ਵਿਖੇ ਰੱਖੇ ਗਏ ਅਖੰਡਪਾਠ ਸਾਹਿਬ ਦੀ ਸਮਾਪਤੀ ਉਪਰੰਤ ਅਰਦਾਸ ਕਰ ਸਵੇਰੇ 11.30 ਵਜੇ ਹਜੂਰ ਸਾਹਿਬ ਨਾਂਦੇੜ ਤੋਂ ਮਾਨਯੋਗ ਪੰਜਪਿਆਰੇ ਸਾਹਿਬਾਨ ਅਤੇ ਸੰਤ ਮਹਾਂਪੁਰਖ ਅਤੇ ਹੋਰ ਪੰਥਕ ਸ਼ਕਸ਼ੀਅਤਾਂ, ਦੇ ਮੁੱਖ ਹਾਜਰੀ ਵਿੱਚ ਰਵਾਨਾ ਹੋਵੇਗੀ। ਇਹ ਰੇਲ ਯਾਤਰਾ ਹਜ਼ੂਰ ਸਾਹਿਬ ਤੋਂ ਔਰੰਗਾਬਾਦ-ਮਨਮਾੜ - ਭੁਸਾਵਲ - ਖੰਡਵਾ - ਇਟਾਰਸੀ - ਜਬਲਪੁਰ- ਅਲਾਹਾਬਾਦ (ਬਨਾਰਸ) ਰਹੀ ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਪੁੱਜੇਗੀ ਉਥੋਂ ਦਿੱਲੀ, ਦਿੱਲੀ ਤੋਂ ਵਾਯਾ ਸਰਹਿੰਦ ਤੋਂ ਤਖਤ ਸ੍ਰੀ ਕੇਸਗੜ ਆਨੰਦਪੁਰ ਸਾਹਿਬ, ਫਤਿਹਗੜ ਸਾਹਿਬ ਤੋਂ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਦਰਸ਼ਨ ਕਰਕੇ ਤਖਤ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰੂ ਧਾਮਾਂ ਦੇ ਦਰਸਨ ਕਰ ਵਾਪਸ ਅੰਮ੍ਰਿਤਸਰ ਤੋਂ ਕਰਤਾਰਪੁਰ - ਲੁਧਿਆਨਾ-ਅੰਬਾਲਾ-ਦਿੱਲੀ-ਗਵਾਲੀਅਰ-ਡਬਰਾ-ਇਟਾਰਸੀ-ਖੰਡ-ਭੁਸਾਵਲ- ਮਨਮਾੜ-ਔਰੰਗਾਬਾਦ ਰਾਹੀਂ ਸ੍ਰੀ ਹਜੂਰ ਸਾਹਿਬ ਨਾਂਦੇੜ ਪੁੱਜੇਗੀ। ਦਿੱਲੀ-ਪੰਜਾਬ-ਹਰਿਆਣਾ ਦੇ ਸਮੂਹ ਸੰਤ ਮਹਾਪੁਰਖ, ਸਾਧ-ਸੰਗਤ ਜੱਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸੇਵਾ- ਸੁਸਾਈਟੀਆਂ ਨੂੰ ਬੇਨਤੀ ਹੈ ਕਿ, ਯਾਤਰਾ ਵਿੱਚ ਪੁੱਜ ਰਹੀ ਸੰਗਤ ਲਈ ਆਪਣੇ ਵੱਲੋਂ ਸਟੇਸ਼ਨ ਤੇ ਪੁੱਜ ਕੇ ਆਪਣੇ ਵੱਲੋਂ ਲੰਗਰ, ਚਾਹ, ਪਾਣੀ ਆਦਿ ਦੀ ਸੇਵਾ ਸਹਿਯੋਗ ਦਿਓ ਜੀ।



# ਬੀ. ਕੇ. ਯੂ. (ਕਾਦੀਆਂ) ਨੂੰ ਵੱਡਾ ਝਟਕਾ, ਅਨੇਕਾਂ ਅਹੁਦੇਦਾਰ ਬੀ. ਕੇ. ਯੂ. (ਲੱਖੋਵਾਲ) ਵਿੱਚ ਹੋਏ ਸ਼ਾਮਲ



ਸ੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ) : ਅੱਜ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਨੂੰ ਉਸ ਸਮੇਂ ਭਾਰੀ ਬਲ ਮਿਲਿਆ ਜਦੋਂ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਜ਼ਿਲ੍ਹਾ ਮੀਤ ਪ੍ਰਧਾਨ ਹਰਪ੍ਰੀਤ ਸਿੰਘ, ਜਨਰਲ ਸਕੱਤਰ ਮੱਘਰ ਸਿੰਘ ਘੁੰਗਰਾਲੀ ਸਿੱਖਾਂ, ਵੱਖ ਵੱਖ ਪਿੰਡਾਂ ਦੇ ਇਕਾਈ ਪ੍ਰਧਾਨ ਜਿਨ੍ਹਾਂ ਵਿੱਚ ਜਤਿੰਦਰ ਸਿੰਘ ਰਾਈਆਂ, ਰਜਿੰਦਰ ਸਿੰਘ ਸੰਗਤਪੁਰਾ, ਸੁਖਦਰਸ਼ਨ ਸਿੰਘ ਮੱਲਮਾਜਰਾ, ਜੋਰਾਵਰ ਸਿੰਘ ਗੜ੍ਹੀ ਤਰਖਾਣਾ, ਲੱਖਾ ਸਿੰਘ ਦੀਵਾਲਾ ਅਤੇ ਵੱਡੀ ਗਿਣਤੀ ਵਿੱਚ ਕਾਦੀਆਂ ਜਥੇਬੰਦੀਆਂ ਦੇ ਵਰਕਰ ਬੀ. ਕੇ. ਯੂ. (ਕਾਦੀਆਂ) ਨੂੰ ਅਲਵਿਦਾ ਕਹਿ ਕੇ ਭਾਕਿਯੂ (ਲੱਖੋਵਾਲ) ਵਿੱਚ ਸ਼ਾਮਲ ਹੋ ਗਏ। ਇਨ੍ਹਾਂ ਨੂੰ ਯੂਨੀਅਨ ਵਿੱਚ ਸ਼ਾਮਲ ਕਰਾਉਣ ਮੌਕੇ ਅਵਤਾਰ ਸਿੰਘ ਮੇਹਲੋਂ ਸਰਪ੍ਰਸਤ ਪੰਜਾਬ, ਪਰਮਿੰਦਰ ਸਿੰਘ ਪਾਲ ਮਾਜਰਾ ਜਨਰਲ ਸਕੱਤਰ ਪੰਜਾਬ, ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਢੀਂਡਸਾ, ਗੁਰਸੇਵਕ ਸਿੰਘ ਮੰਜਾਲੀਆਂ ਬਲਾਕ ਪ੍ਰਧਾਨ, ਅੰਮ੍ਰਿਤ ਸਿੰਘ ਰਾਜੇਵਾਲ ਮੀਤ ਪ੍ਰਧਾਨ ਜ਼ਿਲ੍ਹਾ ਲੁਧਿਆਣਾ, ਰਵਿੰਦਰ ਸਿੰਘ ਬਲਾਕ ਪ੍ਰਧਾਨ ਮਾਛੀਵਾੜਾ ਸਾਹਿਬ ਵਿਸ਼ੇਸ਼ ਤੌਰ ਤੇ ਪੁੱਜੇ। ਇਸ ਮੌਕੇ ਭਾਕਿਯੂ (ਕਾਦੀਆਂ) ਨੂੰ ਅਲਵਿਦਾ ਵਾਲੇ ਅਹੁਦੇਦਾਰਾਂ ਨੇ ਕਿਹਾ ਕਿ ਸਾਨੂੰ ਬੀ. ਕੇ. ਯੂ. (ਲੱਖੋਵਾਲ) ਦੀ ਕੰਮ ਕਰਨ ਦੀ ਇੱਛਾ ਸ਼ਕਤੀ, ਹਰ ਕੰਮ ਨੂੰ ਪੂਰੀ ਤਰਤੀਬ ਨਾਲ ਕਰਨ ਅਤੇ ਹਰ ਵਰਕਰ ਨੂੰ ਉਸਦੇ ਕੰਮ ਅਨੁਸਾਰ ਰੁਤਬਾ ਦੇਣ ਵਾਲੇ ਸਿਧਾਤਾਂ ਦੀ ਸ਼ਲਾਘਾ ਕੀਤੀ ਗਈ, ਜਦੋਂ ਕਿ ਬੀ. ਕੇ. ਯੂ. (ਕਾਦੀਆਂ) ਵਿੱਚ ਗਰੁੱਪਬਾਜੀ ਭਾਰੂ ਹੋਣ ਕਾਰਨ ਅਹੁਦੇਦਾਰਾਂ ਅਤੇ ਵਰਕਰਾਂ ਦੀ ਪੁੱਛ ਨਹੀਂ ਕੀਤੀ ਜਾਂਦੀ। ਇਸ ਮੌਕੇ ਸਰਪ੍ਰਸਤ ਅਵਤਾਰ ਸਿੰਘ ਮੇਹਲੋਂ ਅਤੇ ਪਰਮਿੰਦਰ ਸਿੰਘ ਪਾਲ ਮਾਜਰਾ ਜਨਰਲ ਸਕੱਤਰ ਪੰਜਾਬ ਨੇ ਕਿਹਾ ਕਿ ਨਵੇਂ ਸ਼ਾਮਲ ਹੋਏ ਅਹੁਦੇਦਾਰਾਂ ਨੂੰ ਬੀ. ਕੇ. ਯੂ. (ਲੱਖੋਵਾਲ) ਵਿੱਚ ਬਣਦਾ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ ਅਤੇ 10 ਜੁਲਾਈ ਦੀ ਪੰਜਾਬ ਪੱਧਰੀ ਮੀਟਿੰਗ ਦੌਰਾਨ ਆਗੂਆਂ ਦੀ ਸੀਨੀਅਰਤਾ ਦੇ ਅਧਾਰ ਤੇ ਅਹੁਦੇ ਦੇ ਕੇ ਨਿਵਾਜਿਆ ਜਾਵੇਗਾ। ਇਸ ਮੌਕੇ ਬੀ. ਕੇ. ਯੂ. (ਲੱਖੋਵਾਲ) ਦੇ ਜਤਿੰਦਰ ਸਿੰਘ ਜਿੰਦੂ ਸੀਨੀ: ਮੀਤ ਪ੍ਰਧਾਨ, ਪਵਨਦੀਪ ਸਿੰਘ ਮੀਤ ਪ੍ਰਧਾਨ ਲੁਧਿਆਣਾ, ਚਮਕੌਰ ਸਿੰਘ, ਅਵਤਾਰ ਸਿੰਘ ਮੀਤ ਪ੍ਰਧਾਨ ਪੁਖਰਾਲੀ, ਬਹਾਦਰ ਸਿੰਘ, ਫੌਜੀ ਮਲਕੀਤ ਸਿੰਘ ਪਪੜੌਦੀ, ਹਰਪਾਲ ਸਿੰਘ, ਮੇਜਰ ਸਿੰਘ, ਪਿਆਰਾ ਸਿੰਘ ਬੰਬ, ਜਗਤਾਰ ਸਿੰਘ ਮਾਦਪੁਰ, ਦਲਜੀਤ ਸਿੰਘ ਊਰਨਾ,ਸਰਪੰਚ ਸੁਖਦੇਵ ਸਿੰਘ ਰੁਪਾਲੋਂ, ਸਰਪੰਚ ਸੁਰਿੰਦਰ ਸਿੰਘ ਖੱਟਰਾਂ, ਪਰਮਿੰਦਰ ਸਿੰਘ ਸਰਪੰਚ ਪਾਲ ਮਾਜਰਾ, ਜੋਤੀ, ਫੌਜੀ ਸਤਵੰਤ ਸਿੰਘ, ਸਰਪੰਚ ਚਰਨਜੀਤ ਸਿੰਘ ਪਾਲਮਾਜਰਾ, ਈਇੰਦਰ ਸਿੰਘ ਜੋਲੀ, ਗਿਆਨ ਸਿੰਘ ਮੰਡ, ਬੂਟਾ ਸਿੰਘ, ਦਰਸ਼ਨ ਸਿੰਘ, ਗੁਰਦਿਆਲ ਸਿੰਘ ਕੜਿਆਣਾ, ਹਰਚੰਦ ਸਿੰਘ ਬੁੱਢੇਵਾਲ ਆਦਿ ਵੀ ਹਾਜ਼ਰ ਸਨ। ਫੋਟੋ ਕੈਪਸ਼ਨ : ਬੀ. ਕੇ. ਯੂ. (ਕਾਦੀਆਂ) ਅਲਵਿਦਾ ਕਹਿ ਕੇ ਭਾਕਿਯੂ (ਲੱਖੋਵਾਲ) ਵਿੱਚ ਸ਼ਾਮਲ ਹੋਏ ਵੱਖ ਵੱਖ ਅਹੁਦੇਦਾਰ।

# ਸਵਰਗਵਾਸੀ ਸਰਦਾਰ ਮਹਿੰਦਰ ਸਿੰਘ ਹੋਟਲ ਵਾਲਿਆ ਜੀ ਦੇ ਸਮੂਹ ਪਰਿਵਾਰ ਤੋਂ ਗੁਰਦੁਆਰਾ ਸਾਹਿਬ ਵਾਸਤੇ ਭਾਂਡਿਆਂ ਦੀ ਸੇਵਾ ਕਰਵਾਈ



ਲੁਧਿਆਣਾ( ਸੁਖਚੈਨ ਮਹਿਰਾ)ਅਮਰ ਸ਼ਹੀਦ ਬਾਬਾ ਮੋਤੀ ਰਾਮ ਜੀ ਮਹਿਰਾ ਮੈਮੋਰੀਅਲ ਚੈਰੀਟੇਬਲ ਟਰੱਸਟ ਸ਼੍ਰੀ ਫਤਿਹਗੜ੍ਹ ਸਾਹਿਬ ਵਿਖੇ ਚੇਅਰਮੈਨ ਸਰਦਾਰ ਨਿਰਮਲ ਸਿੰਘ ਐਸਐਸ ਜੀ ਦੀ ਯੋਗ ਅਗਵਾਈ ਹੇਠ ਟਰੱਸਟ ਦੇ ਸੀਨੀਅਰ ਵਾਈਸ ਚੇਅਰਮੈਨ ਸਰਦਾਰ ਪਰਮਜੀਤ ਸਿੰਘ ਖੰਨਾ, ਟਰੱਸਟ ਦੇ ਸਰਪ੍ਰਸਤ ਸਰਦਾਰ ਮਹਿੰਦਰ ਸਿੰਘ ਖੰਨਾ ਅਤੇ ਉਹਨਾਂ ਦੀ ਟੀਮ ਦੇ ਮੈਂਬਰ ਸ੍ਰੀ ਰਾਜ ਕੁਮਾਰ, ਸ਼੍ਰੀ ਅਸ਼ੋਕ ਕੁਮਾਰ, ਸੂਬੇਦਾਰ ਦਰਸ਼ਨ ਸਿੰਘ, ਜੀ ਦੀ ਪ੍ਰੇਰਨਾ ਨਾਲ ਸਵਰਗਵਾਸੀ ਸਰਦਾਰ ਮਹਿੰਦਰ ਸਿੰਘ ਹੋਟਲ ਵਾਲਿਆ ਜੀ ਦੇ ਸਮੂਹ ਪਰਿਵਾਰ ਤੋਂ ਗੁਰਦੁਆਰਾ ਸਾਹਿਬ ਵਾਸਤੇ ਭਾਂਡਿਆਂ ਦੀ ਸੇਵਾ ਕਰਵਾਈ ਗਈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲਏ ਪੇਪਰ ਅਤੇ ਖੋਲਿਆ ਮੁ਼ਫਤ ਸਿਖਲਾਈ ਸੈਂਟਰ



ਬਠਿੰਡਾ (ਲੋਕ ਬਾਣੀ)- ਡਾਕਟਰ ਐਸ ਪੀ ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸੰਨੀ ਓਬਰਾਏ ਸਵੈਂ ਰੋਜ਼ਗਾਰ ਸਕੀਮ ਤਹਿਤ ਮੁਫਤ ਸਿਖਲਾਈ ਸੈਂਟਰ (ਕੰਪਿਊਟਰ, ਬਿਊਟੀ ਪਾਰਲਰ, ਸਿਲਾਈ) ਖੋਲ੍ਹ ਕੇ ਨੋਜਵਾਨਾ ਨੂੰ ਆਤਮ ਨਿਰਭਰ ਬਣਾਇਆ ਜਾ ਰਿਹਾ ਹੈ ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੋਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਅਗਵਾਈ ਵਿੱਚ ਪਿੰਡ ਕਰਮਗੜ੍ਹ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਵਿਖੇ ਮੁ਼ਫਤ ਬਿਊਟੀ ਪਾਰਲਰ ਸੈਂਟਰ ਚੱਲ ਰਿਹਾ ਸੀ 6 ਮਹੀਨੇ ਦਾ ਕੋਰਸ ਪੂਰਾ ਹੋਣ ਉਪਰੰਤ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਫਾਈਨਲ ਪੇਪਰ ਲਏ ਗਏ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪਾਸ ਹੋਏ ਸਿਖਿਆਰਥੀਆਂ ਨੂੰ ਆਈ ਐਸ ਓ ਮਾਰਕਾ ਸਰਟੀਫਿਕੇਟ ਜਾਰੀ ਕੀਤੇ ਜਾਣਗੇ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਮਿਊਨਟੀ ਸੈਂਟਰ ਪਿੰਡ ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਮੁ਼ਫਤ ਸਿਲਾਈ ਸਿਖਲਾਈ ਸੈਂਟਰ ਵੀ ਖੋਲਿਆ ਗਿਆ ਹੈ ਜਿਸ ਦਾ ਉਦਘਾਟਨ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕੀਤਾ ਗਿਆ।ਇਸ ਮੌਕੇ ਅਨਿਲ ਜੁਨੇਜਾ ਪ੍ਰਧਾਨ ਮਲੋਟ ਟੀਮ ਨੇ ਅਪਣੇ ਸੰਬੋਧਨ ਵਿਚ ਸਿਖਿਆਰਥੀਆਂ ਨੂੰ ਕਿਹਾ ਕਿ ਇਸ ਕੋਰਸ ਦੀ ਕੋਈ ਵੀ ਫੀਸ ਨਹੀਂ ਹੈ ਅਤੇ ਦੱਸਿਆ ਕਿ ਇਸ ਤੋਂ ਪਹਿਲਾਂ ਮਲੋਟ ਵਿਖੇ 6 ਮੈਂ ਮਹੀਨੇ ਦਾ ਮੁ਼ਫਤ ਸਿਲਾਈ ਸਿਖਲਾਈ ਸੈਂਟਰ ਖੋਲ ਕੇ ਨੋਜਵਾਨ ਲੜਕੀਆਂ ਨੂੰ ਆਤਮ ਨਿਰਭਰ ਬਣਾਇਆ ਜਾ ਚੁੱਕਾ ਹੈ। ਮਲੋਟ ਇਕਾਈ ਦੇ ਦੇ ਸਕੱਤਰ ਰਾਮ ਸਿੰਘ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਗਲੇ ਦਿਨਾਂ ਵਿੱਚ ਮਲੋਟ ਵਿਖੇ ਇਕ ਮੁ਼ਫਤ ਬਿਊਟੀ ਪਾਰਲਰ ਸੈਂਟਰ ਅਤੇ ਇੱਕ ਸਿਲਾਈ ਸਿਖਲਾਈ ਸੈਂਟਰ ਖੋਲ੍ਹਿਆ ਜਾਵੇਗਾ। ਇਸ ਮੋਕੇ ਸੁਖਬੀਰ ਸਿੰਘ ਜੈਲਦਾਰ,ਸੋਹਣ ਲਾਲ ਗੁੰਬਰ, ਜਸਵਿੰਦਰ ਸਿੰਘ ਵਾਲੀਆ, ਬਲਜੀਤ ਕੌਰ ਅਤੇ ਮਲੋਟ ਇਕਾਈ ਦੇ ਸਮੂਹ ਮੈਬਰ ਹਾਜ਼ਰ ਸਨ।

# ਸਿਹਤ ਵਿਭਾਗ ਨੇ ਵਿਸ਼ਵ ਜ਼ਿਨੋਸਿਸ ਦਿਵਸ ਮਨਾਇਆ




ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) ਸਿਹਤ ਵਿਭਾਗ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਬਰਨਾਲਾ ਦੀਆਂ ਸਿਹਤ ਸੰਸਥਾਵਾਂ ਚ ਪਸ਼ੂ ਪਾਲਣ ਵਿਭਾਗ ਦੇ ਸਹਿਯੋਗ ਨਾਲ ਵਿਸ਼ਵ ਜ਼ਿਨੋਸਿਸ ਦਿਵਸ ਮਨਾਇਆ ਗਿਆ।

ਸਿਵਲ ਸਰਜਨ ਬਰਨਾਲਾ ਡਾ. ਹਰਿੰਦਰ ਸ਼ਰਮਾ ਨੇ ਕਿਹਾ ਕਿ ਜਾਣਕਾਰੀ ਅਤੇ ਸਾਵਧਾਨੀਆਂ ਵਰਤ ਕੇ ਇਸ ਤੋਂ ਬਚਿਆ ਜਾ ਸਕਦਾ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਡਾ. ਮੁਨੀਸ਼ ਕੁਮਾਰ ਜ਼ਿਲ੍ਹਾ ਐਪੀਡਿਮਾਲੋਜਿਸਟ ਨੇ ਦੱਸਿਆ ਕਿ ਜਾਨਵਰਾਂ ਤੋਂ ਮਨੁੱਖਾਂ ਚ ਫੈਲਣ ਵਾਲੀਆਂ ਬਿਮਾਰੀਆਂ ਜਿਵੇਂ ਸਵਾਈਨ ਫਲੂ, ਰੇਬੀਜ ( ਹਲਕਾਅ), ਮੌਂਕੀ ਪੌਕਸ , ਬਰਡ ਫਲੂ, ਸਕਰਬ ਟਾਇਫਸ, ਜਾਪਾਨੀ ਐਨਸੇਫਲਾਈਟਸ, ਈਬੋਲਾ ਆਦਿ ਲੱਗ ਜਾਂਦੀਆਂ ਹਨ। ਪੋਲਟਰੀ, ਘਰੇਲੂ ਤੇ ਜੰਗਲੀ ਜਾਨਵਰ, ਕੀੜੇ-ਮਕੌੜੇ , ਮੱਛਰ-ਮੱਖੀ ਅਤੇ ਚੂਹੇ, ਖ਼ਰਗੋਸ਼, ਬਿੱਲੀ ਆਦਿ ਦੇ ਸੰਪਰਕ ਚ ਆਉਣ ਨਾਲ ਜ਼ੀਨੋਟਿਕ ਬਿਮਾਰੀਆਂ ਫੈਲਦੀਆਂ ਹਨ।

ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫਸਰ ਅਤੇ ਗੁਰਮੇਲ ਸਿੰਘ ਢਿੱਲੋਂ ਹੈਲਥ ਇੰਸਪੈਕਟਰ ਨੇ ਦੱਸਿਆ ਕਿ ਘਰਾਂ ਤੋਂ ਬਾਹਰ ਜਾਨਵਰਾਂ ਨੂੰ ਛੂਹਿਆ ਨਾ ਜਾਵੇ, ਘਰਾਂ ਚ ਰੱਖੇ ਜਾਨਵਰਾਂ ਦੀ ਸਾਫ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ। ਜੇਕਰ ਇਨ੍ਹਾਂ ਨੂੰ ਛੂਹਣਾ ਵੀ ਪੈ ਜਾਵੇ ਤਾਂ ਆਪਣੇ ਹੱਥਾਂ ਨੂੰ ਚੰਗੀ ਤਰਾਂ ਸਾਬਣ ਪਾਣੀ ਨਾਲ ਧੋਇਆ ਜਾਵੇ।

# ਪ੍ਰਯਾਗਰਾਜ ਚ ਮਹਾਂ ਕੁੰਭ ਮੌਕੇ ਹੋਵੇਗਾ ਵਿਸ਼ਾਲ ਹਿੰਦੂ ਸੰਮੇਲਨ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਪ੍ਰਯਾਗਰਾਜ ਵਿੱਚ ਹੋਣ ਵਾਲੇ ਮਹਾਂਕੁੰਭ ਦੇ ਮੌਕੇ ਤੇ ਵਿਸ਼ਵ ਦੇ ਹਿੰਦੂ ਸਮਾਜ ਨੂੰ ਪ੍ਰਯਾਗਰਾਜ ਦੀ ਪਵਿੱਤਰ ਧਰਤੀ ਤੇ ਭਾਰਤ ਦੇ ਮਹਾਨ ਸ਼ੰਕਰਾਚਾਰੀਆ ਮਹਾਂਮੰਡਲੇਸ਼ਵਰ ਅਤੇ ਕਈ ਸੰਤ ਮਹਾਤਮਾ ਦੀ ਅਗਵਾਈ ਵਿੱਚ ਹਿੰਦੂ ਸਮਾਜ ਨੂੰ ਸੰਗਠਿਤ ਕਰਨ ਲਈ ਅੰਤਰਰਾਸ਼ਟਰੀ ਹਿੰਦੂ ਪ੍ਰੀਸ਼ਦ ਵੱਲੋਂ ਇੱਕ ਵਿਸ਼ਾਲ ਹਿੰਦੂ ਸੰਮੇਲਨ ਕਰਵਾਇਆ ਜਾ ਰਿਹਾ ਹੈ ਜਿਸ ਵਿਚ 100 ਦੇਸ਼ਾਂ ਸਮੇਤ ਦੇਸ਼ ਭਰ ਤੋਂ ਹਿੰਦੂ ਸਮਾਜ ਦੇ ਲੱਖਾਂ ਲੋਕ ਇਸ ਵਿਰਾਟ ਹਿੰਦੂ ਸੰਮੇਲਨ ਵਿਚ ਹਿੱਸਾ ਲੈਣਗੇ ਜਿਸ ਵਿਚ ਹਿੰਦੂ ਸਮਾਜ ਦੀਆਂ ਮੁੱਖ ਸਮੱਸਿਆਵਾਂ ਜਿਨ੍ਹਾਂ ਵਿਚ ਧਰਮ ਪਰਿਵਰਤਨ, ਜੇਹਾਦ ਅੱਤਵਾਦ, ਹਿੰਦੂ ਸਮਾਜ ਦੀ ਘਟਦੀ ਆਬਾਦੀ ਅਤੇ ਭਾਰਤ ਦੇ ਕਈ ਹਿੱਸੇ ਵਿਚ ਹਿੰਦੂ ਸਮਾਜ ਦੀ ਘੱਟ ਗਿਣਤੀ, ਵਿਦੇਸ਼ੀ ਘੁਸਪੈਠ ਆਦਿ ਤੇ ਵਿਚਾਰ ਕੀਤਾ ਜਾਵੇਗਾ। ਇਹ ਜਾਣਕਾਰੀ ਅੰਤਰਰਾਸ਼ਟਰੀ ਹਿੰਦੂ ਪ੍ਰੀਸ਼ਦ ਦੇ ਪੰਜਾਬ ਹਰਿਆਣਾ ਦੇ ਸੰਗਠਨ ਮੰਤਰੀ ਰਾਮਾਨੰਦ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਦਿੱਤੀ ਕਿ ਇਸ ਸਮੇਂ ਅੰਤਰਰਾਸ਼ਟਰੀ ਹਿੰਦੂ ਪ੍ਰੀਸ਼ਦ ਰਾਸ਼ਟਰੀ ਬਜਰੰਗ ਦਲ ਵੱਲੋਂ ਦੇਸ਼ ਭਰ ਵਿੱਚ ਹਿੰਦੂ ਸਮਾਜ ਲਈ ਹਿੰਦੂ ਹੈਲਪਲਾਈਨ, ਇੰਡੀਆ ਹੈਲਪਲਾਈਨ ਸਮੇਤ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਜਿਸ ਵਿੱਚ ਹੁਣ ਤੱਕ ਲੱਖਾਂ ਹਿੰਦੂਆਂ ਦੀ ਮਦਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮਾਊਂਟ ਆਬੂ ਵਿੱਚ ਹੋਈ ਮੀਟਿੰਗ ਵਿੱਚ ਜਿਸ ਵਿੱਚ ਦੇਸ਼ ਦੇ ਸਾਰੇ ਪ੍ਰਮੁੱਖ ਵਰਕਰ ਸ਼ਾਮਲ ਹੋਏ ਸਨ, ਜਿਸ ਵਿੱਚ ਸਮਾਜ ਨੂੰ ਸੰਗਠਿਤ ਕਰਨ ਲਈ ਕਈ ਯੋਜਨਾਵਾਂ ਬਣਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਮੁੱਖ ਹੈ ਕਿ ਦੇਸ਼ ਭਰ ਵਿੱਚ 6 ਮਹੀਨਿਆਂ ਵਿੱਚ ਇੱਕ ਲੱਖ ਥਾਵਾਂ 'ਤੇ ਸ਼੍ਰੀ ਹਨੂੰਮਾਨ ਚਾਲੀਸਾ ਰਾਹੀਂ ਸ਼ਕਤੀ ਕੇਂਦਰ ਖੋਲ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਅੱਜ ਸੰਗਰੂਰ, ਬਰਨਾਲਾ ਅਤੇ ਬਠਿੰਡਾ ਜ਼ਿਲ੍ਹਿਆਂ ਵਿੱਚ ਆਪਣੇ ਠਹਿਰਾਅ ਦੌਰਾਨ ਇਨ੍ਹਾਂ ਜ਼ਿਲ੍ਹਿਆਂ ਵਿੱਚ ਵੱਧ ਤੋਂ ਵੱਧ ਸ੍ਰੀ ਹਨੂੰਮਾਨ ਚਾਲੀਸਾ ਕੇਂਦਰ ਖੋਲ੍ਹਣ ਲਈ ਯੋਜਨਾ ਬਣਾਈ ਗਈ। ਮੀਟਿੰਗ ਦੌਰਾਨ ਲੁਧਿਆਣਾ ਵਿੱਚ ਕੁਝ ਵਿਅਕਤੀਆਂ ਵੱਲੋਂ ਇੱਕ ਹਿੰਦੂ ਆਗੂ 'ਤੇ ਤਲਵਾਰ ਨਾਲ ਹਮਲਾ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਮੀਟਿੰਗ ਵਿੱਚ ਪੰਜਾਬ ਸਰਕਾਰ ਨੂੰ ਅਮਨ-ਕਾਨੂੰਨ ਵੱਲ ਵਿਸ਼ੇਸ਼ ਧਿਆਨ ਦੇਣ ਅਤੇ ਵੱਧ ਰਹੇ ਧਾਰਮਿਕ ਅੱਤਵਾਦ ਨੂੰ ਕਾਬੂ ਕਰਨ ਲਈ ਕਿਹਾ ਗਿਆ। ਇਸ ਮੀਟਿੰਗ ਵਿੱਚ ਅੰਤਰਰਾਸ਼ਟਰੀ ਹਿੰਦੂ ਪ੍ਰੀਸ਼ਦ ਪੰਜਾਬ ਦੇ ਜਨਰਲ ਸਕੱਤਰ ਵਿਮਲ ਕੁਮਾਰ ਮਿੱਤਲ, ਸੰਗਰੂਰ ਜਿਲ੍ਹਾ ਸਹਿ ਮੰਤਰੀ ਸੰਜੀਵ ਬਾਂਸਲ, ਮਠ ਮੰਦਿਰ ਦੇ ਮੁਖੀ ਰਮੇਸ਼ ਥਾਪਰ, ਰਾਸ਼ਟਰੀ ਬਜਰੰਗ ਦਲ ਦੇ ਜਿਲ੍ਹਾ ਮੀਤ ਪ੍ਰਧਾਨ ਸੰਜੀਵ ਸ਼ਰਮਾ, ਸ਼ਹਿਰੀ ਪ੍ਰਧਾਨ ਰਾਜ ਕੁਮਾਰ ਸ਼ਰਮਾ, ਸ਼ਹਿਰੀ ਉਪ ਪ੍ਰਧਾਨ ਮੋਹਨ ਮੁਰਾਰੀ, ਮੋਹਨ ਸੰਜੀਵ ਸਾਗਰ, ਅਨਿਲ ਖੋਸਲਾ, ਸ਼ਹਿਰੀ ਮੰਤਰੀ ਹਰੀਸ਼ ਗੋਇਲ, ਰਾਸ਼ਟਰੀ ਬਜਰੰਗ ਦਲ ਦੇ ਸ਼ਹਿਰੀ ਪ੍ਰਧਾਨ ਜਸਵੀਰ ਸਿੰਘ ਜੱਸੀ, ਉਪ ਪ੍ਰਧਾਨ ਨਿਖਿਲ ਵੇਦ, ਅਸ਼ੀਸ਼ ਧੀਰ ਰਮੇਸ਼ ਨਾਗਰ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਵਿਦਿਆਰਥੀਆਂ ਦੀਆਂ ਵਰਦੀਆਂ ਲਈ ਅਧਿਆਪਕ ਹੋਏ ਖੱਜਲ ਖੁਆਰ

## ☛ ਸੈਂਟਰ ਵਜੀਦਕੇ ਕਲਾਂ ਨੇ ਵਰਦੀਆਂ ਦਾ ਕੀਤਾ ਬਾਈਕਾਟ

ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਇੱਕ ਪਾਸੇ ਸਰਕਾਰ ਸਕੂਲਾਂ ਨੂੰ ਸਮਾਰਟ ਬਣਾਉਣ ਜਾ ਰਹੀ ਹੈ, ਦੂਜੇ ਪਾਸੇ ਸਿੱਖਿਆ ਵਿਭਾਗ ਆਪਣੇ ਹੀ ਪੱਤਰ ਨੂੰ ਅਣਗੌਲਿਆ ਕਰ ਰਿਹਾ ਹੈ। ਜਿਸ ਦੀ ਮਿਸਾਲ ਮਹਿਲ ਕਲਾਂ ਬਲਾਕ ਵਿੱਚ ਵਰਦੀਆਂ ਵੰਡਣ ਸਮੇਂ ਵੇਖਣ ਨੂੰ ਮਿਲ ਰਹੀ ਹੈ। ਡਾਇਰੈਕਟਰ ਜਨਰਲ ਸਕੂਲ ਸਿੱਖਿਆ ਦੇ ਪੱਤਰ ਨੰਬਰ ਮੀਮੋ ਨੰਬਰ SSA/ uniform/ 2024/ 159245 ਮਿਤੀ 4/7/ 24 ਅਨੁਸਾਰ ਵਰਦੀਆਂ ਖਰੀਦਣ ਦੇ ਸਾਰੇ ਅਧਿਕਾਰ ਸਕੂਲ ਮੈਨੇਜਮੈਂਟ ਕਮੇਟੀਆਂ ਨੂੰ ਦਿੱਤੇ ਗਏ ਹਨ, ਜਦੋਂ ਕਿ ਰੰਗ ਕੁਆਲਿਟੀ ਆਦਿ ਦਾ ਧਿਆਨ ਵੀ ਰੱਖਣ ਲਈ ਕਿਹਾ ਗਿਆ ਹੈ ਜਦੋਂ ਕਿ ਦੂਜੇ ਪਾਸੇ ਅੱਜ ਵਜੀਦ ਕੇ ਕਲਾਂ ਦੇ ਹੈਡ ਟੀਚਰ ਨੂੰ ਵਰਦੀਆਂ ਲੈਣ ਲਈ ਫਰਮਾਨ ਜਾਰੀ ਕੀਤੇ ਗਏ ਸਨ ਜਿਸ ਵਿੱਚ ਇੱਕੋ ਹੀ ਰੰਗ ਬਰਾਊਂਨ ਦਿੱਤਾ ਗਿਆ ਹੈ ਜਦੋਂ ਕਿ ਇਹਨਾਂ 14 ਸਕੂਲਾਂ ਦੇ ਕਿਸੇ ਵੀ ਸਕੂਲ ਨਾਲ ਇਹ ਰੰਗ ਨਹੀਂ ਮਿਲਦਾ। ਇਸ ਨਾਲ ਪਹਿਲਾਂ ਵਾਲੀਆਂ ਵਰਦੀਆਂ ਵੀ ਖਰਾਬ ਹੋ ਜਾਣਗੀਆਂ। ਇਸ ਲਈ ਅੱਜ ਵੱਖ-ਵੱਖ ਜਥੇਬੰਦੀਆਂ ਦੇ ਆਗੂ ਸਾਹਿਬਾਨ ਜਿਸ ਵਿੱਚ ਨਰਿੰਦਰ ਸਹਿਣਾ ,ਅਮਰੀਕ ਭੱਦਲਵੱਡ ,ਮਾਲਵਿੰਦਰ ਸਿੰਘ, ਸੁਖਬੀਰ ਸਿੰਘ ਸੰਘੇੜਾ ,ਅਸ਼ਵਨੀ ਹਮੀਦੀ ,ਰਘਵੀਰ ਵਜੀਦਕੇ ,ਰਾਣਾ ਸਿੰਘ ਗੁਰਮ,ਸੁਖਵਿੰਦਰ ਕੌਰ ਸੁਰਜੀਤਪੁਰਾ ਵੀਨਾ ਰਾਣੀ ਝਲੂਰ ,ਚਰਨਜੀਤ ਕੌਰ ਨੰਗਲ ,ਦਵਿੰਦਰ ਸ਼ਰਮਾ ਕਰਮਗੜ੍ਹ ਬਿਕਰਮ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਸੇਖਾ,ਸ਼ਮਸ਼ਾਦ ਮੁਹੰਮਦ ਠੁਲੇਵਾਲ ਆਦਿ ਹਾਜ਼ਰ ਸਨ। ਇਹਨਾਂ ਅਧਿਆਪਕਾਂ ਨੇ ਦੱਸਿਆ ਕਿ ਪਹਿਲਾਂ ਜਦੋਂ ਸਕੂਲ ਮੈਨੇਜਮੈਂਟ ਕਮੇਟੀਆਂ ਰਾਹੀਂ ਵਰਦੀਆਂ ਦੀ ਖਰੀਦ ਕੀਤੀ ਜਾਂਦੀ ਸੀ। ਉਸ ਸਮੇਂ ਇਹਨਾਂ ਵੱਲੋਂ ਬੱਚਿਆਂ ਨੂੰ ਟਾਈ ,ਬੈਲਟ ,ਆਈ ਕਾਰਡ ਵੀ ਦਿੱਤੇ ਜਾਂਦੇ ਸਨ। ਜਦੋਂ ਕਿ ਇਸ ਵਾਰ ਇਕ ਰੰਗ ਦੀਆਂ ਵਰਦੀਆਂ ਦੇ ਕੇ ਬੁੱਤਾ ਸਾਰਿਆ ਜਾ ਰਿਹਾ ਹੈ। ਇਸ ਲਈ ਸੈਂਟਰ ਵਜੀਦਕੇ ਕਲਾਂ ਵੱਲੋਂ ਇਸਦਾ ਬਾਈਕਾਟ ਕੀਤਾ ਗਿਆ। ਇਸ ਸੰਬੰਧੀ ਜ਼ਿਲਾ ਸਿੱਖਿਆ ਅਫ਼ਸਰ ਐਲੀਮੈਂਟਰੀ ਬਰਨਾਲਾ ਇੰਦੂ ਸਿਮਕ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਏ ਡੀ ਸੀ ਦੇ ਹੁਕਮ ਅਨੁਸਾਰ ਪਹਿਲੀ ਕਲਾਸ ਤੋਂ ਪੰਜਵੀਂ ਕਲਾਸ




ਤੱਕ ਦੇ ਵਿਦਿਆਰਥੀਆਂ ਲਈ ਵਰਦੀਆਂ ਸ਼ੈਲਫ਼ ਹੈਲਪ ਗਰੁੱਪਾਂ ਰਾਹੀਂ ਤਿਆਰ ਕਰਵਾਈਆਂ ਗਈਆਂ ਹਨ ਜਦੋਂ ਕਿ ਛੇਵੀਂ ਕਲਾਸ ਤੋਂ ਅੱਠਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਲਈ ਵਰਦੀਆਂ ਸਕੂਲ ਮੈਨੇਜ਼ਮੈਂਟ ਕਮੇਟੀਆਂ ਆਪਣੇ ਪੱਧਰ ਤੇ ਤਿਆਰ ਕਰਵਾਉਣਗੀਆਂ। ਉਨ੍ਹਾਂ ਕਿਹਾ ਕਿ ਡੀ ਜੀ ਐਸ ਈ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ ਸਮੱਗਰਾ ਸਿੱਖਿਆ ਅਭਿਆਨ ਅਥਾਰਟੀ ਵੱਲੋਂ 4 ਜੁਲਾਈ 2024 ਨੂੰ ਪੱਤਰ ਜਾਰੀ ਕਰਕੇ ਸਕੂਲ ਮੈਨੇਜ਼ਮੈਂਟ ਕਮੇਟੀਆਂ ਨੂੰ ਵਰਦੀਆਂ ਸ਼ੈਲਫ਼ ਹੈਲਪ ਗਰੁੱਪਾਂ ਰਾਹੀਂ ਤਿਆਰ ਕਰਵਾਉਣ ਦਾ ਅਧਿਕਾਰ ਦਿੱਤਾ ਗਿਆ ਹੈ ਪ੍ਰੰਤੂ ਉਦੋਂ ਤੱਕ ਵਰਦੀਆਂ ਸਿਲ ਕੇ ਤਿਆਰ ਹੋ ਚੁੱਕੀਆਂ ਸਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਕਾਨਪੁਰ ਦੇ ਡੀਸੀਪੀ ਵਿਜੇ ਢੁੱਲ ਅਪਰਾਧੀਆਂ ਖਿਲਾਫ ਪ੍ਰਭਾਵਸ਼ਾਲੀ ਕਾਰਵਾਈ 'ਚ ਚੋਟੀ 'ਤੇ, ਕਈ ਅਪਰਾਧੀ ਗ੍ਰਿਫਤਾਰ

## ☛ ਸਾਰੀਆਂ ਘਟਨਾਵਾਂ ਦੇ ਸਹੀ ਖੁਲਾਸੇ ਦੇ ਨਾਲ-ਨਾਲ ਪੱਛਮੀ ਸਰਕਲ ਵਿੱਚ ਅਪਰਾਧੀਆਂ ਦੀ ਲਗਾਤਾਰ ਗ੍ਰਿਫਤਾਰੀ

ਕਾਨਪੁਰ (ਸੁਨੀਲ ਬਾਜਪਾਈ) ਇੱਥੇ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਮਨ-ਕਾਨੂੰਨ ਦੇ ਪੱਖ ਵਿੱਚ ਅਪਰਾਧੀਆਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਕਰਨ ਦੇ ਮਾਮਲੇ ਵਿੱਚ ਪੱਛਮੀ ਸਰਕਲ ਵੀ ਸਿਖਰ 'ਤੇ ਹੈ। ਇਸ ਦੌਰਾਨ ਅਪਰਾਧੀਆਂ ਤੇ ਸ਼ਿਕੰਜਾ ਕੱਸਣ ਅਤੇ ਕਾਨੂੰਨ ਵਿਵਸਥਾ ਨੂੰ ਹੋਰ ਪ੍ਰਭਾਵੀ ਬਣਾਉਣ ਲਈ ਸ.

ਪੱਛਮੀ ਸਰਕਲ ਦੇ 10 ਇੰਸਪੈਕਟਰਾਂ ਦੇ ਅਧਿਕਾਰ ਖੇਤਰ ਵਿੱਚ ਵੀ ਬਦਲਾਅ ਕੀਤੇ ਗਏ ਹਨ, ਜਿਨ੍ਹਾਂ ਵਿੱਚ ਯੂਨੀਵਰਸਿਟੀ, ਪੱਕੀ ਰੋਡ, ਨਵਸ਼ੀਲ ਧਾਮ, ਐਮਆਈਜੀ, ਚੱਕਰਪੁਰ, ਸਿੱਧੀ ਇਟਾਰਾ ਅਤੇ ਬਿਨੌਰ ਚੌਕੀ ਪ੍ਰਭਾਵਿਤ ਹੋਈ ਹੈ।

ਅਮਨ-ਕਾਨੂੰਨ ਦੇ ਪੱਖ ਵਿੱਚ ਅਪਰਾਧੀਆਂ ਵਿਰੁੱਧ ਚੱਲ ਰਹੀ ਕਾਰਵਾਈ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਪੱਛਮੀ ਸਰਕਲ ਵਿੱਚ ਚੌਕੀ ਇੰਚਾਰਜਾਂ ਦੇ ਫੇਰਬਦਲ ਕੀਤੇ ਗਏ ਹਨ। ਅੱਜਕੱਲ੍ਹ ਉਸ ਪੱਛਮੀ ਪੁਲਿਸ ਦੀ ਕਮਾਨ ਦੇਸ਼ ਅਤੇ ਸੂਬੇ ਦੇ ਇੱਕ ਇਮਾਨਦਾਰ ਅਤੇ ਇਮਾਨਦਾਰ ਆਈ.ਪੀ.ਐਸ ਅਫ਼ਸਰਾਂ ਵਿੱਚੋਂ ਇੱਕ ਹੋਣਹਾਰ, ਵਿਹਾਰਕ, ਮਿਹਨਤੀ, ਜੁਝਾਰੂ IPS ਵਿਜੇ ਢੁੱਲ ਦੇ ਹੱਥਾਂ ਵਿੱਚ ਹੈ, ਜੋ ਆਪਣੀ ਪ੍ਰਭਾਵਸ਼ਾਲੀ ਕਾਰਵਾਈ ਲਈ ਵੀ ਜਾਣੇ ਜਾਂਦੇ ਹਨ। ਅਪਰਾਧੀਆਂ ਦੇ ਖਿਲਾਫ ਅਤੇ ਪੀੜਤਾਂ ਦੀ ਤੁਰੰਤ ਮਦਦ। ਪੀੜਤਾਂ ਦੀ ਹਰ ਸੰਭਵ ਮਦਦ ਕਰਨ ਦੇ ਨਾਲ-ਨਾਲ ਡਿਊਟੀ ਪ੍ਰਤੀ ਉਸ ਦੀ ਦ੍ਰਿੜ ਨਿਸ਼ਠਾ ਨੇ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਕਈ ਕੋਝੇ ਸਬਕ ਸਿਖਾਉਣ ਵਿੱਚ ਵੀ ਕਾਮਯਾਬੀ ਹਾਸਲ ਕੀਤੀ ਹੈ।

ਆਈ.ਪੀ.ਐਸ. ਵਿਜੇ ਢੁੱਲ, ਜਿਨ੍ਹਾਂ ਦੀ ਨਿਰਪੱਖ ਅਤੇ ਪਾਰਦਰਸ਼ੀ ਕਾਰਜਸ਼ੈਲੀ ਨਾਲ ਪੱਛਮੀ ਸਰਕਲ ਵਿੱਚ ਵਾਪਰੀਆਂ ਲਗਭਗ ਸਾਰੀਆਂ ਛੋਟੀਆਂ-ਵੱਡੀਆਂ ਘਟਨਾਵਾਂ ਦਾ ਸਹੀ ਖੁਲਾਸਾ ਕਰਨ ਵਿੱਚ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ, ਉਹ ਅਮਨ-ਕਾਨੂੰਨ ਦੇ ਹੱਕ ਵਿੱਚ, ਅਪਰਾਧੀਆਂ ਵਿਰੁੱਧ ਅਤੇ ਇਸ ਵਿੱਚ ਆਪਣੀ ਡਿਊਟੀ ਨਿਭਾਉਂਦੇ ਰਹੇ ਹਨ। ਪੀੜਤਾਂ ਦੇ ਹਿੱਤ ਹਮੇਸ਼ਾ ਸ਼ਰਧਾ ਅਤੇ ਇਮਾਨਦਾਰੀ ਨਾਲ ਇਸ ਦੀ ਪਾਲਣਾ ਕਰੋ।

ਵਿਭਾਗੀ ਸੂਤਰਾਂ ਅਨੁਸਾਰ ਇੰਨਾ ਹੀ ਨਹੀਂ, ਯੂਪੀ ਪੁਲਿਸ ਸੇਵਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਹੁਣ ਤੱਕ ਦੇ ਉਨ੍ਹਾਂ ਦੇ ਕਾਰਜਕਾਲ ਦਾ ਵਿਸ਼ਲੇਸ਼ਣ ਵੀ ਇਹ ਸਾਬਤ ਕਰਦਾ ਹੈ ਕਿ ਹਾਲਾਤ ਭਾਵੇਂ ਜਿੰਨੇ ਮਰਜ਼ੀ ਹੋਣ, ਬੇਕਸੂਰ ਲੋਕਾਂ ਨੂੰ ਫਸਾਇਆ ਨਹੀਂ ਜਾਂਦਾ ਅਤੇ ਅਪਰਾਧੀਆਂ ਨੂੰ ਬਖ਼ਸ਼ਿਆ ਨਹੀਂ ਜਾਂਦਾ, ਸਾਧਾਰਨ ਅਤੇ ਮਜ਼ਬੂਤ ਲੋਕਾਂ ਦੇ ਨਾਲ ਸਲੀਕੇ ਵਾਲੇ ਲੋਕ। ਲੋਕ ਹਿੱਤਾਂ ਦੀ ਵਿਚਾਰਧਾਰਾ,




ਲੋਕਾਂ ਦੀ ਭਲਾਈ ਲਈ ਦ੍ਰਿੜ ਸੰਕਲਪ, ਕੁਦਰਤ ਦੇ ਭਗਵਾਨ ਅਤੇ ਕਿਸਮਤ ਭਾਵ ਕਰਮ ਤੇ ਨਿਰਭਰ, ਨੇ ਅੱਜ ਤੱਕ ਕਦੇ ਵੀ ਆਪਣੀ ਡਿਊਟੀ ਪ੍ਰਤੀ ਸਮਰਪਿਤ ਭਾਵਨਾ ਨਾਲ ਸਮਝੌਤਾ ਨਹੀਂ ਕੀਤਾ। ਮੌਜੂਦਾ ਸਮੇਂ ਚ ਉਨ੍ਹਾਂ ਦੀ ਅਗਵਾਈ ਦਾ ਹੁਨਰ ਆਮ ਲੋਕਾਂ ਚ ਵੱਡੀ ਰਾਹਤ ਦਾ ਕਾਰਨ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਅਪਰਾਧਿਕ ਅਰਾਜਕਤਾਵਾਦੀਆਂ ਵਿਚ ਭਾਰੀ ਡਰ ਹੈ, ਕਿਉਂਕਿ ਉਨ੍ਹਾਂ ਨੂੰ ਜਾਂ ਤਾਂ ਜੇਲ੍ਹ ਜਾਣਾ ਪੈਂਦਾ ਹੈ, ਜਾਂ ਫਿਰ ਇਲਾਕਾ ਛੱਡਣਾ ਪੈਂਦਾ ਹੈ।

# 18 ਸਾਲ ਤੋਂ ਘੱਟ ਉਮਰ ਵਾਲੇ ਵਿਦਿਆਰਥੀਆਂ ਨੂੰ ਵਾਹਨ ਨਾ ਚਲਾਉਣ ਬਾਰੇ ਕੀਤਾ ਜਾਗਰੂਕ

## ਟਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਪ੍ਰੇਮ ਸਭਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਸੈਮੀਨਾਰ ਆਯੋਜਿਤ

ਸੰਗਰੂਰ (ਜਗਸੀਰ ਲੌਂਗੋਵਾਲ) -ਪੰਜਾਬ ਦੇ ਵਧੀਕ ਡਾਇਰੈਕਟਰ ਜਨਰਲ ਪੁਲਿਸ, ਟਰੈਫਿਕ ਤੇ ਸੜਕ ਸੁਰੱਖਿਆ ਏ.ਐਸ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ.ਐਸ.ਪੀ ਸੰਗਰੂਰ ਸਰਤਾਜ ਸਿੰਘ ਚਾਹਲ ਦੀ ਅਗਵਾਈ ਹੇਠ ਜ਼ਿਲਾ ਟਰੈਫਿਕ ਪੁਲਿਸ ਵੱਲੋਂ ਵੱਖ-ਵੱਖ ਵਿਦਿਅਕ ਅਦਾਰਿਆਂ ਵਿੱਚ ਲਗਾਤਾਰ ਸੈਮੀਨਾਰਾਂ ਦਾ ਆਯੋਜਨ ਕਰਕੇ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਲੜੀ ਦੇ ਤਹਿਤ ਪ੍ਰੇਮ ਸਭਾ ਸੀਨੀਅਰ ਸੈਕਡਰੀ ਸਕੂਲ ਵਿੱਚ ਟਰੈਫਿਕ ਐਜੂਕੇਸ਼ਨ ਪੁਲਿਸ ਵੱਲੋਂ ਅਜਿਹੇ ਹੀ ਇੱਕ ਸੈਮੀਨਾਰ ਦਾ ਆਯੋਜਨ ਕਰਦੇ ਹੋਏ 18 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਨੂੰ ਸਕੂਟਰ, ਮੋਟਸਾਈਕਲ ਅਤੇ ਚਾਰ ਪਹੀਆ ਵਾਹਨ ਨਾ ਚਲਾਉਣ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਥਾਣੇਦਾਰ ਪਵਨ ਸ਼ਰਮਾ ਇੰਚਾਰਜ ਟਰੈਫਿਕ ਐਜੂਕੇਸ਼ਨ ਸੈੱਲ ਸੰਗਰੂਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਅਜਿਹੇ ਸੈਮੀਨਾਰਾਂ ਦਾ ਮਕਸਦ ਵਿਦਿਆਰਥੀ ਨੂੰ ਟਰੈਫਿਕ ਨਿਯਮਾਂ ਸਬੰਧੀ ਮੁਢਲੇ ਤੌਰ ਤੇ ਜਾਣਕਾਰੀ ਪ੍ਰਦਾਨ ਕਰਨਾ ਹੈ ਤਾਂ ਜੋ ਕੋਈ ਵੀ ਵਿਦਿਆਰਥੀ ਇਹਨਾਂ ਨਿਯਮਾਂ ਪ੍ਰਤੀ ਲਾਪਰਵਾਹੀ ਨਾ ਵਰਤ ਸਕੇ। ਉਹਨਾਂ ਦੱਸਿਆ ਕਿ ਸੜਕ ਹਾਦਸਿਆਂ ਦੀ ਵਧ ਰਹੀ ਦਰ ਚਿੰਤਾ ਦਾ ਵਿਸ਼ਾ ਹੈ ਅਤੇ ਬਹੁਤੇ ਮਾਮਲਿਆਂ ਵਿੱਚ ਅਜਿਹਾ ਅਣਗਹਿਲੀ ਨਾਲ ਵਾਹਨ ਚਲਾਉਣ ਕਾਰਨ ਵਾਪਰਦਾ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਪੰਜਾਬ ਪੁਲਿਸ ਦੇ ਹੈਲਪਲਾਈਨ ਨੰਬਰ 112 ਅਤੇ 1930 ਬਾਰੇ ਵੀ ਜਾਣਕਾਰੀ ਦਿੱਤੀ ਅਤੇ ਜ਼ਰੂਰਤ ਪੈਣ ਤੇ ਇਹਨਾਂ ਹੈਲਪਲਾਈਨ ਨੰਬਰਾਂ ਦੀ ਵਰਤੋਂ ਕਰਨ ਬਾਰੇ ਸੁਚੇਤ ਕੀਤਾ।

ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਵੀ ਪ੍ਰੇਰਿਤ ਕੀਤਾ ਗਿਆ ਅਤੇ ਉਹਨਾਂ ਨੂੰ ਦੱਸਿਆ ਗਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਪੰਜਾਬ ਪੁਲਿਸ ਨਸ਼ਿਆਂ ਦੀ ਰੋਕਥਾਮ ਲਈ ਪੂਰੀ ਤਰ੍ਹਾਂ ਗੰਭੀਰ ਹੈ ਅਤੇ ਜੇਕਰ ਉਹਨਾਂ ਦੇ ਆਲੇ ਦੁਆਲੇ, ਪਰਿਵਾਰਾਂ ਵਿੱਚ ਜਾਂ ਗਲੀ ਮਹੱਲਿਆਂ ਵਿੱਚ ਕੋਈ ਵੀ ਵਿਅਕਤੀ ਨਸ਼ਿਆਂ ਦੇ ਰੋਗ ਦਾ ਸ਼ਿਕਾਰ ਹੈ ਤਾਂ ਉਸ ਬਾਰੇ ਜਾਣਕਾਰੀ ਆਪਣੇ ਸਕੂਲਾਂ ਦੇ ਅਧਿਆਪਕਾਂ ਨੂੰ ਦਿੱਤੀ ਜਾਵੇ ਅਤੇ ਸਕੂਲਾਂ ਦੇ ਅਧਿਆਪਕ ਪ੍ਰਸ਼ਾਸਨ ਨਾਲ ਤਾਲਮੇਲ ਕਰਦੇ ਹੋਏ ਅਜਿਹੇ ਨਸ਼ਾ ਰੋਗੀਆਂ ਬਾਰੇ ਸੂਚਨਾ ਦੇਣ ਤਾਂ ਜੋ ਉਹਨਾਂ ਦਾ ਸਰਕਾਰੀ ਨਸ਼ਾ ਮੁਕਤੀ ਕੇਂਦਰਾਂ ਵਿੱਚ ਪੰਜਾਬ ਸਰਕਾਰ ਵੱਲੋਂ ਮੁਫਤ ਇਲਾਜ ਕਰਵਾਇਆ ਜਾ ਸਕੇ।






ਸੈਮੀਨਾਰ ਦੌਰਾਨ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਹੌਲਦਾਰ ਬੇਅੰਤ ਸਿੰਘ ਪੀਐਚਸੀ ਮਨਜੀਤ ਸਿੰਘ ਨੇ ਵੀ ਸੰਬੋਧਨ ਕੀਤਾ ਅਤੇ ਆਵਾਜਾਈ ਨਿਯਮਾਂ ਬਾਰੇ ਬੱਚਿਆਂ ਨੂੰ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ।

## ਮੀਂਹ ਰੁੱਖ ਤੇ ਪੰਛੀ

ਅਸਮਾਨੀ ਕਾਲੇ ਬੱਦਲ ਛਾਏ,
ਪੰਛੀਆਂ ਨੇ ਰਲ ਸ਼ੋਰ ਮਚਾਏ।
ਬੜੇ ਪਿਆਰੇ ਬੋਲਣ ਬੋਲ,
ਮੋਰ ਪਪੀਹੇ ਕਾਲੀ ਕੋਇਲ।
ਕਿੰਨੀਆਂ ਉਹ ਅਵਾਜ਼ਾਂ ਕੱਢਣ,
ਤਰੰਗਾਂ ਵਿੱਚ ਹਵਾਵਾਂ ਛੱਡਣ।
ਰੁੱਖ ਵੀ ਸਭ ਪਏ ਨਸ਼ਿਆਏ,
ਹਵਾ ਰੁਮਕਦੀ ਠੰਢੀ ਆਏ।
ਨਾਲ ਗਰਮੀ ਤਪੀ ਸੀ ਧਰਤੀ,
ਮੀਂਹ ਛਰਾਟਿਆਂ ਠੰਢੀ ਕਰਤੀ।
ਹੁਣ ਬਦਲੀ ਰੁੱਤ ਸੁਹਾਵੀਂ ਆਈ,
ਇੱਕ ਇੱਕ ਰੁੱਖ ਸਭ ਲਾਵੋ ਭਾਈ।
ਕੁਦਰਤ ਦੇ ਨਾਲ ਕਰੋ ਪਿਆਰ,
ਪੱਤੋ, ਜ਼ਿੰਦਗੀ ਦਾ ਏਹੀ ਸਾਰ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ**

## ਇੰਜ:ਜਗਦੇਵ ਸਿੰਘ ਹਾਂਸ ਕੇਂਦਰੀ ਜੋਨ ਲੁਧਿਆਣਾ ਦੇ ਚੀਫ਼ ਇੰਜਨੀਅਰ ਤੈਨਾਤ

# ਅਹੁਦਾ ਸੰਭਾਲਦਿਆਂ ਹੀ ਲੋਕਾਂ ਨੂੰ ਬਿਹਤਰ ਬਿਜਲੀ ਸਪਲਾਈ ਦੇਣ ਲਈ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼

(ਲੋਕ ਬਾਣੀ) ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ ਵੱਲੋਂ ਇੰਜ:ਜਗਦੇਵ ਸਿੰਘ ਹਾਂਸ ਨੂੰ ਪੰਜਾਬ ਦੇ ਬਹੁਤ ਹੀ ਮਹੱਤਵਪੂਰਨ ਅਹੁਦੇ ਕੇਂਦਰੀ ਜੋਨ ਲੁਧਿਆਣਾ ਦੇ ਚੀਫ਼ ਇੰਜਨੀਅਰ ਵੱਜੋਂ ਤੈਨਾਤ ਕੀਤਾ ਗਿਆ ਹੈ, ਜਿੱਥੇ ਉਹਨਾਂ ਨੇ ਕੇਂਦਰੀ ਜੋਨ ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਆਪਣਾ ਆਹੁਦਾ ਸੰਭਾਲ ਲਿਆ ਹੈ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਹਾਂਸ ਕਲਾਂ ਦੇ ਜੰਮਪਲ ਇੰਜ:ਹਾਂਸ ਇਸ ਤੋਂ ਪਹਿਲਾਂ ਚੀਫ ਇੰਜਨੀਅਰ, ਸਾਊਥ ਜ਼ੋਨ ਪਟਿਆਲਾ ਵਿਖੇ ਤੈਨਾਤ ਸਨ। ਪਿੰਡ ਹਾਂਸ ਕਲਾਂ ਵਿਖੇ 5 ਜਨਵਰੀ 1969 ਨੂੰ ਜਨਮੇਂ ਇੰਜ:ਜਗਦੇਵ ਸਿੰਘ ਹਾਂਸ ਨੇ ਗੁਰੂ ਨਾਨਕ ਦੇਵ ਇੰਜਨੀਅਰਿੰਗ ਕਾਲਜ ਲੁਧਿਆਣਾ ਤੋਂ ਇਲੈਕਟ੍ਰੀਕਲ ਇੰਜਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਸੀ ਅਤੇ 1991 ਵਿੱਚ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਬਤੌਰ ਐਸ. ਡੀ.ਓ. ਆਪਣੀਆਂ ਸੇਵਾਵਾਂ ਨਿਭਾਉਣੀਆਂ ਸ਼ੁਰੂ ਕੀਤੀਆਂ ਸਨ। ਉਹਨਾਂ ਕੋਲ ਬਿਜਲੀ ਵਿਭਾਗ ਦੇ ਵੱਖ-ਵੱਖ ਆਹੁਦਿਆਂ ਉਪਰ ਅਹਿਮ ਸੇਵਾਵਾਂ ਨਿਭਾਉਣ ਦਾ ਲਗਭਗ 32 ਸਾਲ ਤੋਂ ਵੱਧ ਦਾ ਤਜ਼ਰਬਾ ਹੈ। ਕੇਂਦਰੀ ਜੋਨ ਲੁਧਿਆਣਾ ਵਿਖੇ ਆਪਣਾ ਆਹੁਦਾ ਸੰਭਾਦਿਆਂ ਇੰਜ:ਜਗਦੇਵ ਸਿੰਘ ਹਾਂਸ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ ਦੇ ਚੇਅਰਮੈਨ ਇੰਜ:ਬਲਦੇਵ ਸਿੰਘ ਸਰਾਂ ਅਤੇ ਡਾਇਰੈਕਟਰ ਵੰਡ ਇੰਜ:ਡੀ. ਪੀ.ਐਸ.ਗਰੇਵਾਲ ਦਾ ਧੰਨਵਾਦ ਕਰਦਿਆਂ ਉਹਨਾਂ ਭਰੋਸਾ ਦਿਵਾਇਆ ਕਿ ਉਹ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ.ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਪੂਰੀ ਇਮਾਨਦਾਰੀ, ਦ੍ਰਿੜ ਲਗਨ ਅਤੇ ਮਿਹਨਤ ਨਾਲ ਲੋਕ ਹਿੱਤਾਂ ਲਈ ਕੰਮ ਕਰਨਗੇ ਅਤੇ ਪੰਜਾਬ ਸਰਕਾਰ ਦੀਆਂ ਉਮੀਦਾਂ ਉਪਰ ਖਰਾ ਉਤਰਨਗੇ।




ਇਸ ਮੌਕੇ ਉਹਨਾਂ ਕੇਂਦਰੀ ਜੋਨ ਲੁਧਿਆਣਾ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ ਤੇ ਹੱਲ ਕਰਨ ਲਈ ਸਖ਼ਤ ਨਿਰਦੇਸ਼ ਦਿੱਤੇ।

# ਪਲਾਸਟਿਕ ਬੈਗ ਮੁਕਤ ਦਿਵਸ ਮੌਕੇ ਕੱਪੜੇ ਦੇ ਵੰਡੇ ਥੈਲੇ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਇੰਟਰਨੈਸ਼ਨਲ ਪਲਾਸਟਿਕ ਬੈਗ ਫਰੀ ਡੇਅ ਤਹਿਤ ਬਰਨਾਲਾ ਵਿੱਚ ਵਪਾਰ ਮੰਡਲ ਦੇ ਸਹਿਯੋਗ ਨਾਲ ਪਲਾਸਟਿਕ ਬੈਗ ਫਰੀ ਦਿਵਸ ਮਨਾਇਆ ਗਿਆ ਜਿਸ ਦੀ ਸ਼ੁਰੂਆਤ ਓਲਡ ਸਿਨੇਮਾ ਰੋਡ ਤੇ ਸਥਿਤ ਆਈ.ਐਫ.ਬੀ ਪੁਆਇੰਟ ਸ਼ੋਰੂਮ ਤੋਂ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਆਈ ਐਫ ਬੀ ਪੁਆਇੰਟ ਦੇ ਐਮ ਡੀ ਲਾਜਪਤ ਰਾਏ ਗਰਗ ਨੇ ਦੱਸਿਆ ਕਿ ਵਪਾਰ ਮੰਡਲ ਦੇ ਪ੍ਰਧਾਨ ਅਨਿਲ ਬਾਂਸਲ ਨਾਨਾ ਅਤੇ ਮੋਬਾਈਲ ਯੂਨੀਅਨ ਦੇ ਪ੍ਰਧਾਨ ਅਰਿਹੰਤ ਗਰਗ ਦੀ ਟੀਮ ਨੇ ਬਰਨਾਲਾ ਸ਼ਹਿਰ ਦੇ ਚੌਂਕਾਂ 'ਤੇ ਖੜ੍ਹ ਕੇ ਲੋਕਾਂ ਨੂੰ ਪਲਾਸਟਿਕ ਦੇ ਥੈਲੇ ਛੱਡਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਪਲਾਸਟਿਕ ਦੇ ਲਿਫ਼ਾਫ਼ੇ ਪੂਰੀ ਤਰ੍ਹਾਂ ਨਾਲ ਨਸ਼ਟ ਨਹੀਂ ਹੁੰਦੇ ਹਨ । ਪਲਾਸਟਿਕ ਦੇ ਲਿਫਾਫਿਆਂ ਕਾਰਨ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਫੈਲ ਰਹੀਆਂ ਹਨ। ਇਸ ਮੌਕੇ ਮੋਬਾਈਲ ਯੂਨੀਅਨ ਦੇ ਪ੍ਰਧਾਨ ਅਰਿਹੰਤ ਗਰਗ ਦੀ ਅਗਵਾਈ ਹੇਠ 200 ਦੇ ਕਰੀਬ ਕੱਪੜੇ ਦੇ ਥੈਲੇ ਵੰਡੇ ਗਏ । ਇਸ ਮੌਕੇ ਅਗਰਵਾਲ ਟੈਲੀਕਾਮ ਤੋਂ ਮੁਨੀਸ਼ ਅਗਰਵਾਲ, ਨਿਊ ਜਿੰਦਲ ਟੈਲੀਕਾਮ ਤੋਂ ਰਿਸ਼ੂ ਜਿੰਦਲ, ਫਾਇਰ ਸ਼ਾਟ ਅਕਸੈਸਰੀਜ਼ ਤੋਂ ਪ੍ਰਵੀਨ ਗੋਇਲ, ਮੁਨੀਸ਼ ਟੈਲੀਕਾਮ ਤੋਂ ਮੁਨੀਸ਼ ਬਾਂਸਲ, ਗਰਗ ਇੰਟਰਪ੍ਰਾਈਜ਼ ਤੋਂ ਲਵਲੀ ਗਰਗ ਅਮਨ, ਗਰਗ ਬ੍ਰਦਰਜ਼ ਤੋਂ ਹੇਮੰਤ ਗਰਗ, ਦਿੱਲੀ ਡਾਟ ਤੋਂ ਕਪਿਲ ਕੁਮਾਰ ਮੋਬਾਈਲ ਸਮੇਤ ਹਾਜ਼ਰ ਸਨ।

# ਨੇਤਰਹੀਣ ਬਜ਼ੁਰਗ ਦੀ ਕੱਟੀ ਪੈਨਸ਼ਨ ਕੀਤੀ ਚਾਲੂ

ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜੱਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਦਖ਼ਲ ਤੋਂ ਬਾਅਦ ਜ਼ਿਲ੍ਹਾ ਬਰਨਾਲਾ ਦੇ ਪਿੰਡ ਸਹਿਜੜਾ ਦੇ ਵਸਨੀਕ ਨੇਤਰਹੀਣ ਬਜ਼ੁਰਗ ਦਰਸ਼ਨ ਸਿੰਘ (70) ਪੁੱਤਰ ਦਲੀਪ ਸਿੰਘ ਦੀ ਕੱਟੀ ਪੈਨਸ਼ਨ ਸਬੰਧਤ ਵਿਭਾਗ ਵੱਲੋਂ ਮੁੜ ਚਾਲੂ ਕਰ ਦਿੱਤੀ ਗਈ ਹੈ ਜਿਸ ਦੇ ਚਲਦਿਆਂ ਬਜ਼ੁਰਗ ਦਰਸ਼ਨ ਸਿੰਘ ਸਹਿਜੜਾ ਨੇ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਹੈ। ਗੌਰਤਲਬ ਹੈ ਕਿ ਇੱਕ 70 ਸਾਲਾਂ ਨੇਤਰਹੀਣ ਤੇ ਅਪਾਹਜ ਦਲਿਤ ਬਜ਼ੁਰਗ ਜਿਸ ਦੀ ਕੋਈ ਔਲਾਦ ਵੀ ਨਹੀਂ ਹੈ। ਜਿਸ ਦੀ ਸਾਲ 2000 ਤੋਂ ਨੇਤਰਹੀਣ ਪੈਨਸ਼ਨ ਲੱਗੀ ਹੋਈ ਸੀ ਜਿਸ ਦੇ ਸਹਾਰੇ ਉਹ ਆਪਣਾ ਗੁਜਾਰਾ ਚਲਾ ਰਿਹਾ ਸੀ ਪਰੰਤੂ ਸਰਕਾਰ ਵੱਲੋਂ ਫਰਵਰੀ 2024 ਤੋਂ ਉਸ ਦੀ ਪੈਨਸ਼ਨ ਬੰਦ ਕਰ ਦਿੱਤੀ ਗਈ ਸੀ। ਜਿਸ ਕਾਰਨ ਉਸ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਮਾਮਲੇ ਸਬੰਧੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਦਖ਼ਲ ਤੋਂ ਬਾਅਦ ਜਿੱਥੇ ਪ੍ਰਸ਼ਾਸਨ ਵੱਲੋਂ ਪੈਨਸ਼ਨ ਨੂੰ ਮੁੜ ਚਾਲੂ ਕਰਕੇ ਬਹਾਲ ਕੀਤਾ ਗਿਆ ਹੈ। ਉੱਥੇ ਹੀ ਦਰਸ਼ਨ ਸਹਿਜੜਾ ਦੇ ਖਾਤੇ ਵਿੱਚ ਰੁਕੀ ਪੈਨਸ਼ਨ ਦੀ ਰਾਸ਼ੀ ਵੀ ਜਾਰੀ ਕਰ ਦਿੱਤੀ ਗਈ ਹੈ। ਜਿਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸ਼੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਆਪਣੀ ਪੈਨਸ਼ਨ ਮੁੜ ਚਾਲੂ ਕਰਵਾਉਣ ਲਈ ਉਕਤ ਬਜ਼ੁਰਗ ਨੇਤਰਹੀਣ ਤੇ ਅਪਾਹਜ ਹੋਣ ਦੇ







ਬਾਵਜੂਦ ਲਗਾਤਾਰ ਚਾਰ ਮਹੀਨਿਆਂ ਤੋਂ ਪਿੰਡ ਵਿੱਚੋ ਰੋਜ਼ਾਨਾ ਕਿਸੇ ਨਾ ਕਿਸੇ ਵਿਅਕਤੀ ਦੇ ਮਿਨਤਾਂ ਤਰਲੇ ਕਰਕੇ ਉਨ੍ਹਾਂ ਨੂੰ ਨਾਲ ਲਿਜਾ ਕੇ ਦਫ਼ਤਰ ਵਿੱਚ ਭਟਕ ਰਿਹਾ ਸੀ। ਪਰੰਤੂ ਉਸ ਦੀ ਪੈਨਸ਼ਨ ਚਾਲੂ ਨਹੀਂ ਕੀਤੀ ਗਈ ਸੀ ਕੌਮੀ ਪ੍ਰਧਾਨ ਨੇ ਕਿਹਾ ਕਿ ਜਦੋਂ ਹੀ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਇਆ ਤਾਂ ਉਨ੍ਹਾਂ ਤੁਰੰਤ ਮੈਡਮ ਪੂਨਮਦੀਪ ਕੌਰ ਡਿਪਟੀ ਕਮਿਸ਼ਨਰ ਬਰਨਾਲਾ ਨਾਲ ਫੋਨ ਤੇ ਰਾਬਤਾ ਬਣਾਇਆ ਅਤੇ ਬਜ਼ੁਰਗ ਦੀ ਪੈਨਸ਼ਨ ਚਾਲੂ ਕਰਵਾਈ। ਉਨ੍ਹਾਂ ਕਿਹਾ ਕਿ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਲੋਕ ਸੇਵਾ ਅਤੇ ਹਰ ਵਰਗ ਦੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਹਮੇਸ਼ਾ ਤਤਪਰ ਹੈ। ਸ਼੍ਰੀ ਦਰਸ਼ਨ ਕਾਂਗੜਾ ਨੇ ਪੈਨਸ਼ਨ ਚਾਲੂ ਕਰਨ ਲਈ ਵਿਸ਼ੇਸ਼ ਤੌਰ ਤੇ ਮੈਡਮ ਪੂਨਮਦੀਪ ਕੌਰ ਡਿਪਟੀ ਕਮਿਸ਼ਨਰ ਬਰਨਾਲਾ ਦਾ ਧੰਨਵਾਦ ਕੀਤਾ ਇਸ ਮੌਕੇ ਸ਼੍ਰੀ ਦਰਸ਼ਨ ਕਾਂਗੜਾ ਨਾਲ ਹੋਰ ਵੀ ਆਗੂ ਹਾਜ਼ਰ ਸਨ। ਪ੍ਰੈਸ ਬਿਆਨ ਮਲਕੀਤ ਸਿੰਘ ਮੀਤਾ ਜ਼ਿਲ੍ਹਾ ਪ੍ਰਧਾਨ ਬਰਨਾਲਾ ਅਤੇ ਜਗਤਾਰ ਸਿੰਘ ਬਰਨਾਲਾ ਨੇ ਜਾਰੀ ਕੀਤਾ।

# ਜਸਮੀਤ ਕੌਰ ਨੇ ਚਾਕਲੇਟ ਡੇਅ ਤੇ ਮਿੱਠੇ ਪਲ ਸਾਂਝੇ ਕੀਤੇ !!

(ਲੋਕ ਬਾਣੀ) ਚਾਕਲੇਟ ਡੇਅ ਦੇ ਇੱਕ ਆਨੰਦਮਈ ਜਸ਼ਨ ਵਿੱਚ, ਜ਼ੀ ਪੰਜਾਬੀ ਦੇ ਪ੍ਰਸਿੱਧ ਸ਼ੋਅ ਸਹਿਜਵੀਰ ਵਿੱਚ ਸਹਿਜ ਦੀ ਭੂਮਿਕਾ ਨਿਭਾਉਣ ਵਾਲੀ ਪ੍ਰਤਿਭਾਸ਼ਾਲੀ ਅਦਾਕਾਰਾ ਜਸਮੀਤ ਕੌਰ ਨੇ ਆਪਣੇ ਪ੍ਰਸ਼ੰਸਕਾਂ ਨਾਲ ਕੁਝ ਮਿੱਠੇ ਪਲ ਸਾਂਝੇ ਕੀਤੇ। ਸਹਿਜ ਦੇ ਆਪਣੇ ਕ੍ਰਿਸ਼ਮਈ ਚਿੱਤਰਣ ਲਈ ਜਾਣੀ ਜਾਂਦੀ ਹੈ, ਜਸਮੀਤ ਨੇ ਚਾਕਲੇਟ ਲਈ ਆਪਣੇ ਪਿਆਰ ਦਾ ਇਜ਼ਹਾਰ ਕਰਨ ਅਤੇ ਖੁਸ਼ੀ ਫੈਲਾਉਣ ਲਈ ਸੋਸ਼ਲ ਮੀਡੀਆ ਤੇ ਲਿਆ।

ਆਪਣੀ ਦਿਲੀ ਪੋਸਟ ਵਿੱਚ ਜਸਮੀਤ ਨੇ ਸ਼ੇਅਰ ਕੀਤਾ, ਚਾਕਲੇਟ ਡੇਅ ਮਿਠਾਸ ਅਤੇ ਪਿਆਰ ਫੈਲਾਉਣ ਬਾਰੇ ਹੈ। ਜਿਵੇਂ ਪਿਆਰ ਅਤੇ ਸਕਾਰਾਤਮਕਤਾ ਦੀ ਸ਼ਕਤੀ ਵਿੱਚ ਵਿਸ਼ਵਾਸ ਰੱਖਣ ਵਾਲੇ ਸਹਿਜਵੀਰ ਵਿੱਚ ਸਹਿਜ, ਮੈਂ ਅੱਜ ਤੁਹਾਡੇ ਚਿਹਰਿਆਂ ਤੇ ਮੁਸਕਰਾਹਟ ਲਿਆਉਣ ਦੀ ਉਮੀਦ ਕਰਦਾ ਹਾਂ। ਆਪਣੇ ਅਜ਼ੀਜ਼ਾਂ ਨਾਲ ਦਿਨ ਬਿਤਾਓ ਅਤੇ ਜ਼ਿੰਦਗੀ ਦੀ ਮਿਠਾਸ ਵਿੱਚ ਸ਼ਾਮਲ ਹੋਵੋ।' ਪੋਸਟ ਦੇ ਨਾਲ ਜਸਮੀਤ ਦੀਆਂ ਚਾਕਲੇਟਾਂ ਦਾ ਆਨੰਦ ਲੈਂਦੇ ਹੋਏ ਮਨਮੋਹਕ ਤਸਵੀਰਾਂ ਸਨ, ਜੋ ਉਸ ਦੀ ਨਿੱਘੀ ਅਤੇ ਹੱਸਮੁੱਖ ਸ਼ਖਸੀਅਤ ਨੂੰ ਦਰਸਾਉਂਦੀਆਂ ਹਨ। ਪ੍ਰਸ਼ੰਸਕਾਂ ਨੇ ਪਿਆਰ ਅਤੇ ਪ੍ਰਸ਼ੰਸਾ ਦੇ ਸੁਨੇਹਿਆਂ ਦੇ ਨਾਲ ਜਵਾਬ ਦੇਣ




ਲਈ ਤੇਜ਼ ਸੀ, ਇਸ ਨੂੰ ਅਭਿਨੇਤਰੀ ਅਤੇ ਉਸਦੇ ਪ੍ਰਸ਼ੰਸਕਾਂ ਲਈ ਇੱਕ ਯਾਦਗਾਰ ਚਾਕਲੇਟ ਦਿਵਸ ਬਣਾ ਦਿੱਤਾ।

ਹਰ ਸੋਮਵਾਰ ਰਾਤ 8:30 ਵਜੇ ਸਿਰਫ ਜ਼ੀ ਪੰਜਾਬੀ ਤੇ ਬੈਠਣ ਲਈ ਸ਼ੋਅ ਸਹਿਜਵੀਰ ਵਿੱਚ ਆਪਣੇ ਮਨਪਸੰਦ ਕਿਰਦਾਰ ਜਸਮੀਤ ਕੌਰ ਨੂੰ ਸਹਿਜ ਦੇ ਰੂਪ ਵਿੱਚ ਦੇਖੋ।

# ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਫਲਦਾਰ ਅਤੇ ਛਾਂਦਾਰ ਪੌਦੇ ਲਗਾਏ




ਖਰੜ, (ਕਾਲਾ ਸਿੰਘ ਸੈਣੀ ):- ਵਾਤਵਰਨ ਦੀ ਸੁੱਧਦਾ ਲਈ ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਨਗਰ ਕੌਂਸਲ ਖਰੜ ਦੀ ਟੀਮ ਦੇ ਸਹਿਯੋਗ ਨਾਲ ਫਲਦਾਰ ਅਤੇ ਛਾਂਦਾਰ ਪੌਦੇ ਲਗਾਏ ਗਏ। ਇਸ ਮੌਕੇ ਟਰੈਫਿਕ ਪੁਲਿਸ ਖਰੜ ਦੇ ਇੰਚਾਰਜ਼ ਸੁਖਮੰਦਰ ਸਿੰਘ ਵਲੋਂ ਪੌਦਾ ਲਗਾਕੇ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਕੀਤੀ। ਇਸ ਮੌਕੇ ਉਨਾਂ ਕਿਹਾ ਕਿ ਪੌਦੇ ਲਗਾਉਣੇ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਵਾਤਾਵਰਨ ਸੁੱਧ ਰਹਿ ਸਕੇ ਅਤੇ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲ ਸਕੇ। ਇਸ ਮੌਕੇ ਕਲੱਬ ਦੇ ਪ੍ਰਧਾਨ ਪੰਕਜ ਚੱਢਾ ਤੇ ਪ੍ਰੋਜੈਕਟ ਚੇਅਰਮੈਨ ਵਨੀਤ ਜੈਨ ਨੇ ਦਸਿਆ ਕਿ ਪੌਦੇ ਲਗਾਉਣ ਦੀ ਮੁਹਿੰਮ ਦਾ ਅੱਜ ਇਹ ਪਹਿਲਾ ਪੜਾਅ ਹੈ। ਜਿਸ ਦੌਰਾਨ ਕਲੱਬ ਵਲੋਂ 50 ਛਾਂਦਾਰ, ਫਲਦਾਂਰ,ਫੁੱਲਦਾਰ ਪੌਦੇ ਲਗਾਏ ਗਏ ਹਨ। ਇਸ ਮੌਕੇ ਟਰੈਫਿਕ ਪੁਲਿਸ ਖਰੜ ਦੇ ਹੌਲਦਾਰ ਦਿਲਬਾਗ ਸਿੰਘ, ਜੋਨ ਚੇਅਰਮੈਨ ਪਰਮਪ੍ਰੀਤ ਸਿੰਘ,ਐਡਵੋਕੇਟ ਗੁਰਮੁੱਖ ਸਿੰਘ ਮਾਨ, ਮਨੋਜ਼ ਕੁਮਾਰ, ਜਤਿਨ ਸ਼ਰਮਾ, ਅਵਤਾਰ ਸਿੰਘ, ਗੁਰਜੰਟ ਸਿੰਘ, ਅਨਿਲ, ਦਇਆ ਰਾਮ,ਡਾਇਰੈਕਟਰ ਹਰਬੰਸ ਸਿੰਘ,ਕੌਸਲਰ ਗੋਵਿੰਦਰ ਸਿੰਘ ਚੀਮਾ,ਰਵਿੰਦਰ ਜੈਨ, ਜਸਕਰਨ ਸਿੰਘ ਰਾਏ, ਸੁਖਵੀਰ ਸਿੰਘ ਰਾਏ, ਮਨਪ੍ਰੀਤ ਸਿੰਘ ਗੋਲਡੀ, ਹਰਪ੍ਰੀਤ ਸੰਘ ਬੱਤਰਾ, ਸਮੇਤ ਹੋਰ ਕਰਮਚਾਰੀ ਹਾਜ਼ਰ ਸਨ।

# ਡੈਂਗੂ ਦੇ ਬਚਾਓ ਹਿੱਤ ਸਿਹਤ ਵਿਭਾਗ ਦੀ ਟੀਮ ਵਲੋਂ ਕੀਤੀ ਸਪਰੇਅ




ਖਰੜ ( ਕਾਲਾ ਸਿੰਘ ਸੈਣੀ ):- ਡੈਂਗੂ ਦੇ ਬਚਾਅ ਲਈ ਖਰੜ ਸ਼ਹਿਰ ਅਤੇ ਆਸਪਾਸ ਖੇਤਰਾਂ ਵਿਚ ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਸਪਰੇਅ ਕੀਤਾ ਗਿਆ। ਇਸ ਸਬੰਧੀ ਸਿਵਲ ਹਸਪਤਾਲ ਖਰੜ ਦੇ ਐਸ.ਐਮ.ਓ. ਡਾ.ਪਰਮਿੰਦਰਜੀਤ ਸਿੰਘ ਨੇ ਦਸਿਆ ਕਿ ਸੈਨੇਟਰੀ ਇੰਸਪੈਕਟਰ ਅਵਤਾਰ ਸਿੰਘ, ਰੋਹਿਤ ਕੁਮਾਰ ਦੀ ਅਗਵਾਈ ਵਾਲੀ ਟੀਮਾਂ ਕੰਮ ਕਰ ਰਹੀਆਂ ਹਨ ਅਤੇ ਟੀਮਾਂ ਵਲੋਂ ਸਰਕਾਰੀ ਦਫਤਰਾਂ ਅਤੇ ਸ਼ਹਿਰ ਦੇ ਹਰ ਮੁਹੱਲੇ ਜਾ ਕੇ ਵਸਨੀਕਾਂ ਨੂੰ ਡੈਂਗੂ ਦੇ ਬਚਾਓ ਹਿੱਤ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨਾਂ ਦਸਿਆ ਕਿ ਅੱਜ ਤਹਿਸੀਲ ਦਫਤਰ ਖਰੜ ਵਿਚ ਡੈਂਗੂ ਦੇ ਬਚਾਓ ਹਿੱਤ ਸਪਰੇਅ ਕੀਤੀ ਗਈ ਅਤੇ ਦਫਤਰ ਵਿਚ ਕੂਲਰਾਂ ਨੂੰ ਚੈਕ ਕੀਤਾ ਗਿਆ। ਉਨਾਂ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ ਅਤੇ ਦਫਤਰਾਂ ਵਿਚ ਕੂਲਰਾਂ ਵਿਚ ਪਾਣੀ ਖੜਾ ਨਾ ਹੋਣ ਦਿਓ ਅਤੇ ਘਰਾਂ ਵਿਚ ਟੁੱਟਿਆ ਭੱਜਿਆ ਸਮਾਨ, ਗਮਲਿਆਂ ਨੂੰ ਸਾਫ ਰੱਖੋ ਅਤੇ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਨਾਲ ਖੜਨ ਦਿਓ।

# ਬਲਾਕ ਪੰਜਗਰਾਈਆਂ ਵਿੱਚ ਦਸਤ ਰੋਕੂ ਮੁਹਿੰਮ ਤਹਿਤ ਆਸ਼ਾ ਨੇ ਘਰ ਘਰ ਵੰਡੇ ਓ. ਆਰ. ਐਸ ਦੇ ਪੈਕਟ, ਪੋਸਟਰ ਵੰਡ ਕੇ ਕੀਤਾ ਲੋਕਾਂ ਨੂੰ ਜਾਗਰੂਕ

ਸੰਦੌੜ (ਲੋਕ ਬਾਣੀ) ਸਿਵਲ ਸਰਜਨ ਮਾਲੇਰਕੋਟਲਾ ਡਾ. ਪ੍ਰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਜਿਲ੍ਹਾ ਟੀਕਾਕਰਣ ਅਫ਼ਸਰ ਡਾ. ਰਾਜੀਵ ਬੈਂਸ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜੀ ਐਸ ਭਿੰਡਰ ਦੀ ਅਗਵਾਈ 0 ਤੋਂ 5 ਸਾਲ ਤੱਕ ਦੇ ਬੱਚਿਆਂ ਦੀਆਂ ਦਸਤਾਂ ਨਾਲ ਹੋਣ ਵਾਲੀਆਂ ਮੌਤਾਂ ਨੂੰ ਸਿਫਰ ਉੱਤੇ ਲਿਆਉਣ ਦੇ ਮਕਸਦ ਨਾਲ ਸਿਹਤ ਵਿਭਾਗ ਵਲੋਂ ਬਲਾਕ ਭਰ ਵਿਚ ਦਸਤ ਰੋਕੋ ਮੁਹਿੰਮ ਤਹਿਤ ਆਸ਼ਾ ਵੱਲੋਂ ਘਰ ਘਰ ਜਾ ਕੇ ਓ. ਆਰ. ਐਸ ਦੇ ਪੈਕਟ, ਜਿੰਕ ਦੀਆਂ ਗੋਲੀਆਂ ਅਤੇ ਜਾਗਰੂਕਤਾ ਪੋਸਟਰ ਵੰਡੇ ਗਏ ।ਇਸ ਮੌਕੇ ਬੋਲਦਿਆਂ ਐਸ. ਐਮ. ਓ ਡਾ. ਭਿੰਡਰ ਨੇ ਕਿਹਾ ਕਿ ਬਲਾਕ ਭਰ ਵਿੱਚ ਸਿਹਤ ਕਰਮੀਆਂ ਵੱਲੋਂ 5 ਸਾਲ ਤੱਕ ਦੇ ਬੱਚਿਆਂ ਨੂੰ ਦਸਤਾਂ ਦੀ ਰੋਕਥਾਮ, ਓ.ਆਰ. ਐਸ ਦਾ ਘੋਲ ਤਿਆਰ ਕਰਨ, ਦਸਤ ਲੱਗਣ ਤੇ ਓ.ਆਰ.ਐਸ ਦਾ ਘੋਲ ਦੇਣ ਅਤੇ ਬੱਚੇ ਨੂੰ ਦਸਤਾਂ ਦੀ ਹਾਲਤ ਵਿਚ ਜਿੰਕ ਦੀਆਂ ਗੋਲੀਆਂ ਦੇਣ ਅਤੇ ਸਾਫ ਸਫਾਈ ਸਬੰਧੀ ਪਰਿਵਾਰਾਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ । ਉਹਨਾਂ ਕਿਹਾ ਕਿ ਗਰਮੀ ਅਤੇ ਬਰਸਾਤ ਦਾ ਮੌਸਮ ਹੋਣ ਕਾਰਣ ਦਸਤ ਲੱਗਣ ਨਾਲ ਬੱਚਿਆਂ ਵਿੱਚ ਪਾਣੀ ਦੀ ਘਾਟ ਹੋਣ ਕਾਰਨ ਕਈ ਵਾਰੀ ਬੱਚਿਆਂ ਦੀ ਜਾਨ ਨੂੰ ਵੀ ਖਤਰਾ ਹੋ ਸਕਦਾ ਹੈ। ਇਸ ਲਈ ਜੇਕਰ ਦਸਤ ਲਗਣ ਤੇ ਤੁਰੰਤ ਬੱਚੇ ਨੂੰ ਓ.ਆਰ.ਐਸ ਦਾ ਘੋਲ ਦੇ ਦਿੱਤਾ ਜਾਵੇ ਤਾਂ ਜੋ ਬੱਚੇ ਦੀ ਹਾਲਤ ਨੂੰ ਗੰਭੀਰ ਹੋਣ ਤੋਂ ਬਚਾਇਆ ਜਾ ਸਕਦਾ ਹੈ। ਇਸ ਮੌਕੇ ਮੀਡੀਆ ਕੋਆਰਡੀਨੇਟਰ ਰਾਜੇਸ਼ ਰਿਖੀ ਅਤੇ ਬਲਾਕ ਐਜੂਕੇਟਰ ਹਰਪ੍ਰੀਤ ਕੌਰ ਨੇ ਦੱਸਿਆ ਕਿ ਇਸ ਮੁਹਿੰਮ ਦੋਰਾਨ ਆਸ਼ਾ ਵਰਕਰਾਂ ਵੱਲੋਂ ਘਰ-ਘਰ ਜਾ ਕੇ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਓ.ਆਰ. ਐਸ ਦੇ ਪੈਕਟ ਦਿਤੇ ਜਾ ਰਹੇ ਹਨ ਤਾਂ ਜੋ ਬੱਚੇ ਨੂੰ ਦਸਤ ਲੱਗਣ ਤੇ ਤੁਰੰਤ ਓ.ਆਰ.ਐਸ ਦਾ ਘੋਲ ਦਿੱਤਾ ਜਾ ਸਕੇ। ਇਸ ਦੇ ਨਾਲ




ਆਸ਼ਾ ਤੇ ਮਪਹਵ ਫੀਮੇਲ, ਮੇਲ ਵੱਲੋਂ ਪਰਿਵਾਰਾਂ ਨੂੰ ਓ.ਆਰ.ਐਸ ਦਾ ਘੋਲ ਤਿਆਰ ਕਰਨ ਤੇ ਬੱਚੇ ਨੂੰ ਦਸਤ ਲਗਣ ਤੇ ਘੋਲ ਪਿਲਾਉਣ ਦੀ ਵਿਧੀ ਅਤੇ ਮਾਵਾਂ ਨੂੰ ਨਵਜਾਤ ਬੱਚਿਆਂ ਨੂੰ ਪਹਿਲੇ ਛੇ ਮਹੀਨੇ ਤੱਕ ਆਪਣਾ ਦੁੱਧ ਪਿਲਾਉਣ ਅਤੇ ਛੇ ਮਹੀਨੇ ਤੋ ਬਾਅਦ ਓਪਰੀ ਖੁਰਾਕ ਦੇਣ ਬਾਰੇ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ । ਲੋਕਾਂ ਨੂੰ ਸਾਫ ਸਫਾਈ, ਹੱਥ ਧੋਣ ਦੀ ਤਕਨੀਕ ਤੇ ਮੱਹਤਤਾ, ਸ਼ੁੱਧ ਪਾਣੀ ਦੀ ਵਰਤੋ ਅਤੇ ਪਾਣੀ ਵਾਲੀਆਂ ਟੈਂਕੀਆਂ ਦੀ ਸਫਾਈ, ਸਿਹਤ ਸੰਸਥਾਵਾਂ, ਸਕੂਲਾਂ, ਆਂਗਣਵਾੜੀ ਕੇਦਰਾਂ ਵਿੱਚ ਵੀ ਇਸ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਸੀ. ਐਚ. ਓ ਡਾ. ਗੁਰਰਾਜਕਮਲ ਕੌਰ ਕਲਿਆਣ,ਚਮਕੌਰ ਸਿੰਘ, ਕੁਲਦੀਪ ਕੌਰ ਸਮੇਤ ਸਮੂਹ ਆਸ਼ਾ ਹਾਜ਼ਰ ਸਨ ।

# 10 ਗ੍ਰਾਮ ਹੀਰੋਇਨ ਸਮੇਤ ਔਰਤ ਗ੍ਰਿਫਤਾਰ:ਜਸਵੀਰ ਸਿੰਘ ਥਾਣੇਦਾਰ

ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਮਨਪ੍ਰੀਤ ਵਾਸੂ)ਇਹ ਮੁਕੱਦਮਾ ਅਸ਼ੀ ਜਸਵੀਰ ਸਿੰਘ ਵੱਲੋਂ ਦਰਜ ਰਜਿਸ਼ਟਰ ਕਰਵਾਇਆ ਗਿਆ ਕਿ ਉਹ ਸਮੇਤ ਪੁਲਿਸ ਪਾਰਟੀ ਦੇ ਬਾ ਚੈਕਿੰਗ ਸ਼ੱਕੀ ਪੁਰਸ਼ਾ ਸ਼ੱਕੀ ਵਹੀਕਲਾ ਦੇ ਸਬੰਧ ਵਿੱਚ ਵਿਚ ਸੀ.ਆਈ.ਏ. ਸਟਾਫ ਤੋਂ ਬੱਸ ਅੱਡਾ ਨਵਾਂਸ਼ਹਿਰ, ਪਿੰਡ ਕੁਲਾਮ ਤੋਂ ਹੁੰਦੇ ਹੋਏ ਬਾਈਪਾਸ ਰਾਹੀਂ ਕੱਲਰਾਂ ਮੁਹੱਲਾ ਮਹਿੰਦੀਪੁਰ ਵੱਲ ਨੂੰ ਆ ਰਹੇ ਸ਼ੀ ਤਾਂ ਵਕਤ ਕਰੀਬ 02.30 ਵੰ ਦਾ ਹੋਵੇਗਾ ਕਿ ਜਦੋਂ ਪੁਲਿਸ ਪਾਰਟੀ ਦੀ ਗੱਡੀ ਮਹਿੰਦੀਪੁਰ ਸ਼ਮਸ਼ਾਨ ਘਾਟ ਤੋਂ ਥੋੜਾ ਪਿੱਛੇ ਸੀ ਤਾਂ ਸ਼ਮਸ਼ਾਨ ਘਾਟ ਵਾਲੀ ਸਾਈਡ ਤੋਂ ਇਕ ਔਰਤ ਪੈਦਲ ਆਉਦੀ ਮੇਨ ਰੋਡ ਤੇ ਚੜਨ ਲੱਗੀ ਜੋ ਅਚਾਨਕ ਪੁਲਿਸ ਪਾਰਟੀ ਦੀ ਗੱਡੀ ਆਉਂਦੀ ਦੇਖ ਕੇ ਯਕਦਮ ਘਬਰਾ ਕੇ ਪਿਛਾਹ ਨੂੰ ਤੇਜ ਕਦਮੀ ਹੋ ਤੁਰੀ ਜਿਸਨੇ ਤੁਰੀ ਜਾਂਦੇ ਨੇ ਆਪਣੇ ਖੱਬੇ ਹੱਥ ਵਿੱਚ ਫੜਿਆ ਇਕ ਕਾਲੇ ਰੰਗ ਦਾ ਮੋਮੀ ਲਿਫਾਫਾ ਵਜਨਦਾਰ ਸੜਕ ਦੇ ਕਿਨਾਰੇ ਸੁੱਟ ਦਿੱਤਾ ਜੋ ਸ਼ੱਕ ਪੈਣ ਤੇ ਉਕਤ ਔਰਤ ਨੂੰ ਮਹਿਲਾ ਸੀਨੀਅਰ ਸਿਪਾਹੀ ਸੀਤਾ ਰਾਣੀ ਨੰ: 700/ ਸ਼ਭਸਨ ਦੀ ਮੱਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਗੀਤੂ ਪਤਨੀ ਮੈਕੀ ਵਾਸੀ ਕੱਲਰਾਂ ਮੁਹੱਲਾ ਮਹਿੰਦੀਪੁਰ ਥਾਣਾ ਸਿਟੀ ਨਵਾਂਸ਼ਹਿਰ ਦੱਸਿਆ, ਜਿਸ ਵੱਲੋਂ ਸੁੱਟੇ ਹੋਏ ਕਾਲੇ ਰੰਗ ਦੇ ਲਿਫਾਫੇ ਵਜਨਦਾਰ ਨੂੰ ਚੈਕ ਕਰਨ ਤੇ ਉਸ ਵਿਚੋਂ ਇਕ ਹੋਰ ਪਾਰਦਰਸ਼ੀ ਮੋਮੀ ਲਿਫਾਫੀ ਵਿਚ ਲਪੇਟੀ ਹੈਰੋਇਨ ਬ੍ਰਾਮਦ ਹੋਈ, ਜਿਸਦਾ ਵਜਨ ਕਰਨ ਅਤੇ ਕਬਜਾ ਪੁਲਿਸ ਵਿਚ ਲੈਣ ਤੋਂ ਪਹਿਲਾਂ ਮਨ ਏ.ਐਸ.ਆਈ. ਨੇ ਪਬਲਿਕ ਦਾ ਗਵਾਹ ਸ਼ਾਮਲ ਪਾਰਟੀ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਪਰ ਹਰ ਇਕ ਨੇ ਆਪਣੀ ਆਪਣੀ ਮਜਬੂਰੀ ਜਾਹਿਰ ਕੀਤੀ ਤੇ ਕੋਈ ਵੀ ਸ਼ਾਮਲ ਪਾਰਟੀ ਹੋਣ ਲਈ ਤਿਆਰ ਨਹੀਂ ਹੋਇਆ। ਫਿਰ ਮਨ ਏ.ਐਸ. ਆਈ ਨੇ ਗੀਤੂ ਉਕਤੀ ਵੱਲੋਂ ਸੁੱਟੀ ਹੋਈ ਹੈਰੋਇਨ ਦਾ ਵਜਨ ਆਪਣੇ ਪਾਸ ਮੌਜੂਦ ਇਲੈਕਟ੍ਰੋਨਿਕ ਕੰਡੇ ਨਾਲ ਕੀਤਾ ਜੋ ਸਮੇਤ ਲਿਫਾਫੀ 10 ਗ੍ਰਾਮ ਹੈਰੋਇਨ ਹੋਈ। ਜਿਸ ਤੇ ਅਸ਼ੀ ਜਸਵੀਰ ਸਿੰਘ ਵੱਲੋਂ ਮੁਕੱਦਮਾ ਦਰਜ ਰਜਿਸ਼ਟਰ ਕਰਕੇ ਮੁਢਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ

# ਸੇਵਕ ਸਭਾ ਵੱਲੋਂ ਚਲਾਏ ਸਫਾਈ ਅਭਿਆਨ ਦੌਰਾਨ ਅੱਜ ਨਗਰ ਕੌਂਸਲ ਦਫਤਰ ਨੂੰ ਪਲਾਸਟਿਕ ਮੁਕਤ ਕੀਤਾ ਗਿਆ

ਜ਼ੀਰਕਪੁਰ,(ਲੋਕ ਬਾਣੀ) ਸਮਾਜ ਸੇਵੀ ਸੰਸਥਾ ਸੇਵਕ ਸਭਾ ਵੱਲੋਂ ਚਲਾਏ ਸਫਾਈ ਅਭਿਆਨ ਦੌਰਾਨ ਸੇਵਕ ਸਭਾ ਦੀ ਟੀਮ ਵੱਲੋਂ ਅੱਜ ਨਗਰ ਕੌਂਸਲ , ਜਿਸ ਦੀ ਖੁਦ ਦੀ ਜਿੰਮੇਵਾਰੀ ਸ਼ਹਿਰ ਨੂੰ ਸਾਫ ਕਰਨਾ ਹੈ , ਦੇ ਦਫਤਰ ਦੇ ਅੰਦਰ ਬਣੇ ਪਾਰਕ ਵਿੱਚ ਫੈਲੇ ਪਲਾਸਟਿਕ ਟੁਕੜਿਆਂ ਨੂੰ ਇਕੱਠਾ ਕਰਕੇ ਉਸ ਨੂੰ ਪਲਾਸਟਿਕ ਮੁਕਤ ਕੀਤਾ ਗਿਆ । ਇਸ ਤੋਂ ਇਲਾਵਾ ਸੇਵਕ ਸਭਾ ਦੀ ਟੀਮ ਵੱਲੋਂ ਨਗਰ ਕੌਂਸਲ ਰੋਡ ਤੇ ਸਥਿਤ ਸਟੇਡੀਅਮ ਦੀ ਸਫਾਈ ਕੀਤੀ ਗਈ ਅਤੇ ਪਲਾਸਟਿਕ ਦੇ ਟੁਕੜੇ ਲਿਫਾਫੇ ਵਗੈਰਾ ਇਕੱਠੇ ਕੀਤੇ ਗਏ । ਇਸ ਮੁਹਿੰਮ ਦੌਰਾਨ ਸੇਵਕ ਸਭਾ ਦੇ ਸਾਰੇ ਵਾਰਡ ਇੰਚਾਰਜ ਅਤੇ ਸੁਸਾਇਟੀ ਇੰਚਾਰਜਾਂ ਤੋਂ ਇਲਾਵਾ ਇਨ੍ਹਰ ਵ੍ਹੀਲ ਕਲੱਬ ਜ਼ੀਰਕਪੁਰ, ਭਾਰਤ ਵਿਕਾਸ ਪਰਿਸ਼ਦ ਢਕੋਲੀ , ਰਘੂਨੰਦਨ ਜੀਵ ਰਕਸ਼ਾ ਦਲ ਅਤੇ ਉਰਵਾ ਸੰਗਠਨ ਢਕੋਲੀ ਦੇ ਮੈਂਬਰ ਵੀ ਮੌਜੂਦ ਰਹੇ । ਇਨਾਂ ਸਮਾਜ ਸੇਵਕਾਂ ਵੱਲੋਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਕੌਂਸਲ ਦੇ ਦਫਤਰ ਵਿੱਚ ਵੱਡੇ ਡਸਟਬਿਨ ਰੱਖਣ ਤਾਂ ਕਿ ਉੱਥੇ ਆਉਣ ਵਾਲੇ ਲੋਕ ਗੰਦਗੀ ਨਾ ਫੈਲਾ ਸਕਣ। ਵਰਨਣਯੋਗ ਹੈ ਕਿ ਕੌਂਸਲ ਦੀ ਬਿਲਡਿੰਗ ਵਿੱਚ ਸਬ ਤਹਿਸੀਲ ਦਾ ਦਫਤਰ ਅਤੇ ਡੀ.ਐਸ.ਪੀ. ਪੁਲਿਸ ਦਾ ਦਫਤਰ ਵੀ ਹੈ ਜਿੱਥੇ ਸੈਂਕੜਿਆਂ ਦੀ ਤਾਦਾਦ ਵਿੱਚ ਲੋਕੀਂ ਅਪਣੇ ਕੰਮ ਕਰਵਾਉਣ ਰੋਜ਼ਾਨਾ ਆਉਂਦੇ ਹਨ। ਇਸ ਤੋਂ ਇਲਾਵਾ ਇਸ ਮੌਕੇ ਸ਼ਹਿਰ ਨਿਵਾਸੀਆਂ ਨੂੰ ਸੰਦੇਸ਼ ਦਿੰਦੇ ਹੋਏ ਇਹਨਾਂ ਸੰਸਥਾਵਾਂ ਦੇ ਅਹੁਦੇਦਾਰਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਸੋਸਾਇਟੀ , ਕਲੋਨੀ ਜਾਂ ਜਿਹੜੇ ਵੀ ਇਲਾਕੇ ਵਿੱਚ ਉਹ ਰਹਿੰਦੇ ਹਨ , ਉੱਥੇ ਪਲਾਸਟਿਕ ਅਤੇ ਹੋਰ ਹਰ ਤਰ੍ਹਾਂ ਦਾ ਕੂੜਾ ਇਕੱਠਾ ਕਰਨ ਲਈ ਵੱਡੇ ਡਸਟ ਬਿਨ ਲਗਾਏ ਜਾਣ ਤਾਂ ਕਿ ਸ਼ਹਿਰ ਨੂੰ ਪਲਾਸਟਿਕ ਮੁਫਤ ਅਤੇ ਸਾਫ ਸੁਥਰਾ ਕੀਤਾ ਜਾ ਸਕੇ । ਉਹਨਾਂ ਕਿਹਾ ਕਿ ਲੋਕੀਂ ਅਕਸਰ ਪਲਾਸਟਿਕ ਦੇ ਲਿਫਾਫੇ ਜਾਂ ਪਲਾਸਟਿਕ ਤੋਂ ਬਣੀਆਂ ਹੋਰ ਚੀਜ਼ਾਂ ਇੱਧਰ ਉੱਧਰ ਸੁੱਟ ਦਿੰਦੇ ਹਨ

ਜਿਸ ਕਾਰਨ ਜਿੱਥੇ ਸੀਵਰੇਜ ਰੁਕ ਜਾਂਦਾ ਹੈ ਉੱਥੇ ਬਰਸਾਤ ਦੇ ਦਿਨਾਂ ਵਿੱਚ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਹੜ੍ਹ ਵਰਗੇ ਹਾਲਾਤ ਪੈਦਾ ਹੋ ਜਾਂਦੇ ਹਨ ਅਤੇ ਕਈ ਕਲੋਨੀਆਂ ਪਾਣੀ ਵਿੱਚ ਡੁੱਬ ਜਾਂਦੀਆਂ ਹਨ । ਸੇਵਕ ਸਭਾ ਦੇ ਪ੍ਰਧਾਨ ਸ਼੍ਰੀ ਸੰਦੀਪ ਪੂਰਥੀ ਨੇ ਕਿਹਾ ਕਿ ਅੱਜ ਉਹਨਾਂ ਦਾ ਪ੍ਰੋਗਰਾਮ ਮਿਊਂਸਪਲ ਕੌਂਸਲ ਦੇ ਦਫਤਰ ਦੇ ਨਾਲ ਨਾਲ ਸ਼ਮਸ਼ਾਨ ਘਾਟ , ਗਊਸ਼ਾਲਾ , ਸ਼੍ਰੀ ਲਕਸ਼ਮੀ ਨਾਰਾਇਣ ਮੰਦਿਰ , ਪੁਲਿਸ ਸਟੇਸ਼ਨ ਅਤੇ ਸ਼੍ਰੀ ਗੁਰਦੁਆਰਾ ਸਾਹਿਬ ਨੂੰ ਸਾਫ ਕਰਨ ਦਾ ਸੀ ਪਰ ਅਚਾਨਕ ਆਈ ਬਰਸਾਤ ਕਾਰਨ ਉਹਨਾਂ ਨੂੰ ਇਹ ਪ੍ਰੋਗਰਾਮ ਮੁਲਤਵੀ ਕਰਨਾ ਪਿਆ ਹੈ। ਉਹਨਾਂ ਕਿਹਾ ਕਿ ਜਲਦੀ ਹੀ ਰੂਪ ਰੇਖਾ ਉਲੀਕ ਕੇ ਇਹਨਾਂ ਸਥਾਨਾਂ ਦੀ ਸਫਾਈ ਵੀ ਕੀਤੀ ਜਾਵੇਗੀ।




## ਸਲਾਨਾ ਭੰਡਾਰਾ ਅਤੇ ਦੀਵਾਨ 11 ਜੁਲਾਈ ਨੂੰ- ਬਾਬਾ ਵਿਸ਼ਨੂੰ ਜੀ

ਧੂਰੀ (ਲੋਕ ਬਾਣੀ) ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੀਰਖਾਨਾ ਨੇੜੇ ਦੋਹਲਾ ਦਰਵਾਜ਼ਾ ਧੂਰੀ ਵਿਖੇ ਸਲਾਨਾ ਭੰਡਾਰਾ ਅਤੇ ਦੀਵਾਨ 11 ਜੁਲਾਈ ਨੂੰ ਬੜੀ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੀਰਖਾਨਾ ਦੇ ਮੁੱਖ ਸੇਵਾਦਾਰ ਬਾਬਾ ਵਿਸ਼ਨੂੰ ਜੀ ਨੇ ਦੱਸਿਆ ਕਿ ਚਾਦਰ ਚੜਾਉਣ ਦੀ ਰਸਮ 11 ਵਜੇ ਸ਼ੁਰੂ ਹੋਵੇਗੀ ਇਸ ਤੋਂ ਉਪਰੰਤ ਵੱਖ ਵੱਖ ਪਕਵਾਨਾਂ ਦੇ ਭੰਡਾਰੇ ਅਤੁੱਟ ਵਰਤਾਏ ਜਾਣਗੇ।




ਬਾਬਾ ਵਿਸ਼ਨੂੰ ਜੀ ਨੇ ਕਿਹਾ ਕਿ 11 ਜੁਲਾਈ ਦਿਨ ਵੀਰਵਾਰ ਨੂੰ ਸ਼ਾਮ ਦੇ 8 ਵਜੇ ਤੋਂ ਲੈ ਕੇ ਦੇਰ ਰਾਤ ਤੱਕ ਬਾਬਾ ਪੀਰ ਜੀ ਦੀਆਂ ਮੰਡਲੀਆਂ ਬਾਬਾ ਪੀਰ ਦਾ ਜਸ ਗਾ ਕੇ ਸੰਗਤਾਂ ਨੂੰ ਨਿਹਾਲ ਕਰਨਗੀਆਂ। ਇਸ ਮੌਕੇ ਬਾਬਾ ਵਿਸ਼ਨੂੰ ਜੀ ਨੇ ਇਲਾਕਾ ਨਿਵਾਸੀਆਂ ਨੂੰ ਬੇਨਤੀ ਕਰਦੇ ਹੋਏ ਕਿਹਾ ਕਿ 11 ਜੁਲਾਈ ਦਿਨ ਵੀਰਵਾਰ ਨੂੰ ਪੀਰਖਾਨੇ ਪਹੁੰਚ ਕੇ ਬਾਬਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਬਾਬਾ ਵਿਸ਼ਨੂੰ ਤੋਂ ਇਲਾਵਾ ਜੱਗੀ, ਬਿੰਦਰ, ਗੁਰਮੀਤ ਸਿੰਘ, ਭਿੰਦਰ, ਗੋਪਾਲ, ਪੱਪੂ, ਮੋਨੂੰ, ਪੰਮੀ ਸਾਊਂਡ, ਦੀਪਾ,ਕਾਕਾ,ਰਤਨ ਲਾਲ,ਪਾਰਸ,ਗਗਨ ਅਤੇ ਵੱਡੀ ਗਿਣਤੀ ਵਿੱਚ ਸੇਵਾਦਾਰ ਹਾਜ਼ਰ ਸਨ।

# ਭੂੰਡ ਆਸ਼ਕਾਂ ਦੀ ਭਲਵਾਨੀ ਫੇਰੀ ਦੀਆਂ ਸ਼ਿਕਾਇਤਾਂ ਤੋਂ ਬਾਅਦ ਐਸਐਚਓ ਮਹਿਲ ਕਲਾਂ ਵੱਲੋਂ ਐਕਸ਼ਨ

ਮਹਿਲ ਕਲਾਂ (ਲੋਕ ਬਾਣੀ) ਮਹਿਲ ਕਲਾਂ ਦੇ ਬੱਸ ਸਟੈਂਡ ਤੇ ਲੜਕੀਆਂ ਦੇ ਸਕੂਲ ਕਾਲਜ ਜਾਣ ਸਮੇਂ ਭੂੰਡ ਆਸ਼ਕਾਂ ਵੱਲੋਂ ਲਗਾਈਆਂ ਜਾਂਦੀਆਂ ਭਲਵਾਨੀ ਫੇਰੀਆਂ ਸਬੰਧੀ ਸ਼ਿਕਾਇਤਾਂ ਮਿਲਣ ਤੋਂ ਬਾਅਦ ਥਾਣਾ ਮਹਿਲ ਕਲਾਂ ਦੇ ਮੁੱਖ ਅਫਸਰ ਸਰੀਫ ਖਾਨ ਵੱਲੋਂ ਪੁਲਿਸ ਪਾਰਟੀ ਸਮੇਤ ਸ਼ੁੱਕਰਵਾਰ ਸਵੇਰ ਸਮੇਂ ਅਚਾਨਕ ਬੱਸ ਸਟੈਂਡ ਮਹਿਲ ਕਲਾਂ ਵਿਖੇ ਰੇਡ ਕੀਤੀ। ਇਸ ਮੌਕੇ ਐਸਐਚਓ ਸ਼ਰੀਫ ਖਾਨ ਨੇ ਬੱਸ ਸਟੈਂਡ ਮਹਿਲ ਕਲਾਂ ਵਿਖੇ ਘੁੰਮ ਰਹੇ ਨੌਜਵਾਨਾਂ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਤੇ ਬਿਨਾਂ ਕਿਸੇ ਕੰਮ ਤੋਂ ਬੱਸ ਸਟੈਂਡ ਤੇ ਘੁੰਮ ਰਹੇ ਮਨਚਲੇ ਆਸ਼ਕਾਂ ਦੀਆਂ ਡੰਡ ਬੈਠਕਾਂ ਵੀ ਕਢਵਾਈਆਂ ਤੇ ਉਨਾਂ ਨੂੰ ਬਿਨਾਂ ਕੰਮ ਤੋਂ ਬਸ ਅੱਡੇ ਚ ਨਾ ਘੁੰਮਣ ਦੀ ਚਿਤਾਵਨੀ ਦੇ ਕੇ ਛੱਡਿਆ। ਇਸ ਮੌਕੇ ਗੱਲਬਾਤ ਐਸਐਚਓ ਮਹਿਲ ਕਲਾਂ ਸਰੀਫ ਖਾਨ ਨੇ ਕਿਹਾ ਕਿ ਉਨ੍ਹਾਂ ਨੂੰ ਕੁਝ ਸ਼ਿਕਾਇਤਾਂ ਮਿਲੀਆਂ ਸਨ ਕਿ ਸਵੇਰ ਸਮੇਂ ਜਦੋਂ ਮਹਿਲ ਕਲਾਂ ਜਾ ਨੇੜਲੇ ਪਿੰਡਾਂ ਦੀਆਂ ਲੜਕੀਆਂ ਸਕੂਲ ਕਾਲਜ ਜਾਣ ਲਈ ਬੱਸ ਅੱਡੇ ਤੇ ਪਹੁੰਚਦੀਆਂ ਹਨ ਤਾਂ ਕੁਝ ਮਨਚਲੇ ਭੂੰਡ ਆਸ਼ਕ ਇਕੱਠੇ ਹੋ ਕੇ ਫੇਰੀਆਂ ਲਾਉਂਦੇ ਹਨ। ਇਹ ਮਨਚਲੇ ਕੁੜੀਆਂ ਨੂੰ ਤੰਗ ਪਰੇਸ਼ਾਨ ਵੀ ਕਰਦੇ ਹਨ। ਜਿਸ ਕਰਕੇ ਅੱਜ ਅਚਾਨਕ ਬੱਸ ਅੱਡੇ ਤੇ ਰੇਡ ਕੀਤੀ ਗਈ ਹੈ, ਤੇ ਬਿਨਾਂ ਕੰਮ ਤੋਂ ਘੁੰਮ ਰਹੇ ਮਨਚਲੇ ਆਸ਼ਕਾਂ ਦੀਆਂ ਡੰਡ ਬੈਠਕਾਂ ਕਢਵਾਕੇ ਤੇ ਮੁੜ ਬਸ ਅੱਡੇ ਚ ਦਿਖਾਈ ਨਾ ਦੇਣ ਦੀ ਚੇਤਾਵਨੀ ਦੇ ਕੇ ਛੱਡਿਆ ਗਿਆ ਹੈ। ਐਸਐਚਓ ਨੇ ਕਿਹਾ ਕਿ ਪੁਲਿਸ ਵੱਲੋਂ ਬੱਸ ਸਟੈਂਡ ਤੇ ਘੁੰਮ ਰਹੇ ਮਨ ਚਲੇ ਆਸ਼ਕਾਂ ਤੇ ਤਿੱਖੀ ਨਜ਼ਰ ਰੱਖੀ ਜਾਵੇਗੀ ਤੇ ਕਾਬੂ ਆਉਣ ਤੇ ਭੂੰਡ ਆਸ਼ਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਐਸਐਚਓ ਨੇ ਬੱਸ ਚਾਲਕਾਂ ਨੂੰ ਵੀ ਹਦਾਇਤ ਕੀਤੀ ਕਿ ਨਿਸ਼ਚਿਤ ਸਥਾਨ




ਉੱਤੇ ਹੀ ਬੱਸਾਂ ਰੋਕੀਆਂ ਜਾਣ ਤਾਂ ਜੋ ਆਵਾਜਾਈ ਚ ਕੋਈ ਵਿਘਨ ਨਾ ਪਵੇ। ਉਹਨਾਂ ਕਿਹਾ ਕਿ ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਸੰਦੀਪ ਕੁਮਾਰ ਮਲਿਕ ਦੀਆਂ ਹਦਾਇਤਾਂ ਇਹ ਸਬ ਡਵੀਜ਼ਨ ਮਹਿਲ ਕਲਾਂ ਦੇ ਡੀਐਸਪੀ ਕੰਵਲਪਾਲ ਸਿੰਘ ਬਾਜਵਾ ਦੀ ਅਗਵਾਈ ਹੇਠ ਥਾਣਾ ਮਹਿਲ ਕਲਾਂ ਅੰਦਰ ਅਮਨ ਕਾਨੂੰਨ ਦੀ ਸਥਿਤੀ ਨੂੰ ਬਹਾਲ ਰੱਖਿਆ ਜਾਵੇਗਾ । ਇਸ ਮੌਕੇ ਏਐਸਆਈ ਜੱਗਾ ਸਿੰਘ, ਕਾਂਸਟੇਬਲ ਗੁਰਪ੍ਰੀਤ ਸਿੰਘ ਧਨੌਲਾ ਤੇ ਹੋਰ ਪੁਲਿਸ ਕਰਮਚਾਰੀ ਹਾਜ਼ਰ ਸਨ।

ਐਸ ਐਚ ਓ ਸ਼ਰੀਫ ਖਾਨ ਥਾਣਾ ਮਹਿਲ ਕਲਾਂ ਦੀ ਵੱਖ ਵੱਖ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਸਮੇਤ ਦੁਕਾਨਦਾਰ ਯੂਨੀਅਨ ਮਹਿਲਕਲਾਂ ਦੇ ਅਹੁਦੇਦਾਰਾਂ ਵੱਲੋਂ ਸ਼ਲਾਘਾ ਕੀਤੀ ਗਈ।

# ਲੋਕ ਮਨਾਂ 'ਚ ਵਸਦਾ ਸ਼ਹਿਰ ਖਰੜ,ਖੈੜ ਤੇ ਖੈੜੀਏ




ਹਰੇਕ ਸ਼ਹਿਰ ਅਤੇ ਪਿੰਡ ਦੀ ਆਪੋ-ਆਪਣੀ ਪਛਾਣ ਹੁੰਦੀ ਹੈ। ਅੱਜ ਗੱਲ ਕਰਦੇ ਹਾਂ ਸ਼ਹਿਰ ਖਰੜ ਬਾਰੇ। ਪੰਜਾਬ ਦੇ ਮੁੱਖ ਦੁਆਰ ਵੱਜੋਂ ਵੀ ਇਸ ਦੀ ਵੱਡੀ ਪਛਾਣ ਹੈ। ਸ਼ਹਿਰ ਖਰੜ 'ਚ ਬਹੁਤ ਸਾਰੇ ਧਾਰਮਿਕ ਅਸਥਾਨ ਹਨ,ਖਰੜ ਦਾ ਸਰਾਫ਼ਾ ਬਾਜਾਰ ਪੰਜਾਬ ਭਰ 'ਚ ਮਸ਼ਹੂਰ ਹੈ। ਸ਼ਹਿਰ ਖਰੜ ਨੇ ਕਿਸੇ ਸਮੇਂ ਇੰਡਸਟਰੀ ਪੱਖੋਂ ਜਿੱਥੇ ਹਜਾਰਾਂ ਹੀ ਲੋਕਾਂ ਨੂੰ ਰੁਜਗਾਰ ਦਿੱਤਾ ਉਸ ਦੇ ਨਾਲ ਹੀ ਆਪਣੀ ਪਛਾਣ ਨੂੰ ਦੇਸ਼ ਭਰ 'ਚ ਕਾਇਮ ਰੱਖਿਆ ਹੈ। ਇੱਥੋਂ ਦੇ ਪਾਣੀਪਤ ਵੂਲਨ ਮਿਲ ਜਿਸ ਦੇ ਗਰਮ ਕੰਬਲ ਮਿਲਟਰੀ ਨੂੰ ਸਪਲਾਈ ਹੁੰਦੇ ਸਨ। ਕੇ.ਟੀ.ਐੱਮ.ਮਿਲ ਖਾਨਪੁਰ ਧਾਗਾ ਮਿਲ ਨਾਲ ਮਸ਼ਹੂਰ ਸੀ,ਕਿਰਨ ਘੀ ਮਿਲ,ਖਰੜ ਸ਼ਹਿਰ 'ਚ ਸੈਲਰ ਜ਼ਿਆਦਾ ਹੋਣ ਕਰਕੇ ਇਸ ਸ਼ਹਿਰ ਨੇ ਚੌਲਾਂ ਦੇ ਵਪਾਰ 'ਚ ਆਪਣੀ ਟੌਹਰ ਨੂੰ ਕਾਇਮ ਰੱਖਿਆ ਹੈ। ਜੇਕਰ ਰਾਜਨੀਤਿਕ ਖੇਤਰ ਦੀ ਗੱਲ ਕਰਿਏ ਤਾਂ ਖਰੜ ਸ਼ਹਿਰ ਦੀ ਧਰਤੀ ਨੇ ਕਈ ਚਿਹਰੇ ਰਾਜਨੀਤਿਕ ਖੇਤਰ 'ਚ ਉੱਤਾਰੇ ਹਨ। ਪਰ ਕਿਸੇ ਨੇ ਵੀ ਖਰੜ ਸ਼ਹਿਰ ਦੇ ਸੁੰਦਰੀਕਰਨ ਬਾਰੇ ਨਹੀਂ ਸੋਚਿਆ।

ਪੁਰਾਤਨ ਧਾਰਮਿਕ ਅਸਥਾਨ:-ਸ੍ਰੀ ਰਾਮ ਚੰਦਰ ਜੀ ਦੇ ਦਾਦਾ ਮਹਾਰਾਜਾ ਅੱਜ ਦੇ ਨਾਮ ਨਾਲ ਜਾਣਿਆ ਜਾਂਦਾ ਤਲਾਬ ਮਹਾਰਾਜਾ ਅੱਜ ਸਰੋਵਰ। ਜਿਸ ਦੀ ਅੱਜ ਕੱਲ ਟੂਰੀਜ਼ਮ ਵਿਭਾਗ ਵਲੋਂ ਨਵੀਂ ਦਿੱਖ ਦੇ ਕੇ ਨੁਹਾਰ ਬਦਲੀ ਜਾ ਰਹੀ ਹੈ। ਸ਼ਿਵ ਮੰਦਿਰ (ਮਿੱਠਾ ਕੂਆ),ਅੰਬਿਕਾ ਦੇਵੀ ਮੰਦਿਰ,ਬੀਬੀ ਜੀ ਦਾ ਮੰਦਿਰ,ਸਨਾਤਨ ਧਰਮ ਮੰਦਿਰ ਜਿਸ ਦੀ ਪਛਾਣ (ਇਮਲੀ ਵਾਲਾ ਮੰਦਿਰ) ਨਾਲ ਹੈ,ਕੁਲਹਾੜੀ ਵਾਲਾ ਮੰਦਿਰ,ਭਗਤ ਘਾਟ,ਜੈਨ ਮੰਦਿਰ,ਧਿਆਨ ਦਾਸ ਦਾ ਮੰਦਿਰ ਸ਼ਿਵ ਮੰਦਿਰ,ਪ੍ਰਾਚੀਨ ਸ੍ਰੀ ਸੰਕਟ ਮੋਚਨ ਹਨੂਮਾਨ ਮੰਦਿਰ ਗੁੱਗਾ ਮੈੜੀ,ਨਗਰ ਖੇੜਾ ਆਦਿ ਤੋਂ ਇਲਾਵਾ ਗੁਰਦੁਆਰਾ ਕਲਗੀਧਰ ਸਾਹਿਬ,ਗੁ.ਸਿੰਘ ਸਭਾ ਜਨਤਾ ਚੌਂਕ,ਗੁ.ਅਕਾਲੀ ਦਫ਼ਤਰ,ਗੁਰਦੁਆਰਾ ਭਗਤ ਰਵੀਦਾਸ,ਗੁਰਦੁਆਰਾ ਰੋੜੀ ਸਾਹਿਬ ਆਦਿ ਹਨ।

ਰਵਾਇਤੀ ਮੇਲੇ:-ਸ਼ਹਿਰ ਖਰੜ ਦੀ ਰਵਾਇਤੀ ਮੇਲਿਆਂ ਕਰਕੇ ਵੀ ਪਛਾਣ ਦੂਰ-ਦੂਰ ਤੱਕ ਹੈ। ਗੁੱਗਾ ਮੈੜੀ ਦਾ ਮੇਲਾ,ਰੱਖੜਿਆਂ ਦਾ ਮੇਲਾ,ਮਾਤਾ ਰਾਣੀ ਦਾ ਮੇਲੇ,ਅੰਬਿਕਾ ਦੇਵੀ ਮੰਦਿਰ ਦਾ ਮੇਲਾ, ਭਗਤ ਘਾਟ ਦਾ ਮੇਲਾ,ਦੁਸਹਿਰਾ ਦਾ ਮੇਲਾ ਅਤੇ ਝਾਕੀਆਂ ਆਦਿ ਹਨ।

ਬਾਜ਼ਾਰ ਅਤੇ ਮੁਹੱਲੇ :- ਖਰੜ ਦਾ ਪੱਕਾ ਦਰਵਾਜਾ,(ਸੰਨ 1911 'ਚ ਸਭ ਤੋਂ ਪਹਿਲੀ ਨਗਰ ਕੌਂਸਲ ਖਰੜ ਵਲੋਂ ਬਣਾਇਆ ਗਿਆ,ਜਿਸ ਦੇ ਉਪਰ ਬਣੇ ਹਾਲ 'ਚ ਲੰਮੇਂ ਸਮੇਂ ਤੱਕ ਨਗਰ ਕੌਂਸਲ ਦਾ ਦਫ਼ਤਰ ਰਿਹਾ)। ਸਾਬਕਾ ਮੁੱਖ ਮੰਤਰੀ ਪੰਜਾਬ ਅਤੇ ਮੌਜੂਦਾ ਲੋਕ ਸਭਾ ਮੈਂਬਰ ਜਲੰਧਰ ਚਰਨਜੀਤ ਸਿੰਘ ਚੰਨੀ ਵਲੋਂ ਸਾਲ 2005 ਵਿੱਚ ਨਗਰ ਕੌਂਸਲ ਖਰੜ ਦੇ ਪ੍ਰਧਾਨ ਦੇ ਅਹੁੱਦੇ ਤੇ ਰਹਿਕੇ ਪੱਕੇ ਦਰਵਾਜੇ ਨੂੰ ਸ਼ਹਿਰ ਖਰੜ ਦੀ ਪਛਾਣ ਪੱਕੇ ਦਰਵਾਜੇ ਦੀ ਇਮਾਰਤ ਨੂੰ ਨਵੇਂ ਢੰਗ ਨਾਲ ਤਿਆਰ ਕਰਵਾਏ ਇਸ ਦੇ ਉਪਰ ਮਿਉਸਪਲ ਲਾਇਬਰੇਰੀ ਲਈ ਲੋਕਾਂ ਲਈ ਬਣਾਈ। ਕਪੂਰ ਚੌਂਕ (ਡਾ.ਕੁਰਾਲੀ ਵਾਲੇ),ਨਿੰਮ ਵਾਲਾ ਚੌਂਕ,ਪੁਰਾਣਾ ਬਾਜ਼ਾਰ ਜੋ ਸੰਨ1947 ਤੋਂ ਪਹਿਲਾ ਘੁਮਿਆਰਾਂ ਵਾਲੇ ਮੁਹੱਲੇ ਕੋਲ ਦੱਸਿਆ ਜਾਂਦਾ ਹੈ। ਗਾਂਧੀ ਬਾਜ਼ਾਰ,(ਜਿੱਥੇ ਝਟਕੇ ਦੀਆਂ ਦੁਕਾਨਾਂ ਸਨ ਚਾਰ), ਇਸ ਬਾਜ਼ਾਰ ਅੰਦਰ ਮੀਟ ਦੀਆਂ ਚਾਰ ਦੁਕਾਨਾਂ ਹੋਣ ਕਰਕੇ ਇਹ ਤਕਿਆ ਕਲਾਮ ਮਸ਼ਹੂਰ ਰਿਹਾ ਹੈ। ਅਪਰ ਬਾਜ਼ਾਰ ਜੋ ਕਿ ਪੰਜਾਬ ਭਰ 'ਚ ਸਰਾਫ਼ਾ ਬਾਜ਼ਾਰ ਆਦਿ ਮਸ਼ਹੂਰ ਹਨ। ਭਾਵੇਂ ਖਰੜ ਨੇ ਕਿਲਾ ਚੂੰਗੀ ਅਤੇ ਪੁਰਾਤਨ ਕਿਲੇ ਵਜੋਂ ਪਛਾਣ ਖੋ ਲਈ ਹੈ ਪਰ ਹੁਣ ਵੀ ਨਾਂਅ ਪੱਖੋਂ ਪਛਾਣ ਗੂੜੀ ਹੈ। ਇਸ ਤਰਾਂ ਹੀ ਬਾਂਸਾਂ ਵਾਲੀ ਚੂੰਗੀ ਨੇੜੇ ਸਰਦਾਰ ਦਾ ਬਾਗ ਅਤੇ ਅੱਜ ਨਹੀਂ ਹੈ ਪਰ ਇਸ ਸਪੌਟ ਅੱਜ ਵੀ ਬਾਂਸਾਂ ਵਾਲੀ ਚੂੰਗੀ ਨਾਲ ਮਸ਼ਹੂਰ ਹੈ। ਖਰੜ ਸ਼ਹਿਰ ਦਾ ਦੁਸਹਿਰਾ ਦਾ ਤਿਉਹਾਰ ਪੰਜਾਬ ਭਰ 'ਚ ਆਪਣੀ ਨਿਵੇਕਲੀ ਪਛਾਣ ਰੱਖਦਾ ਹੈ।

ਸਕੂਲ ਤੇ ਕਾਲਜ :- ਆਰਿਆ ਕਾਲਜ, ਸ਼ਹਿਰ ਦੀ ਇਸ ਸੜਕ ਦਾ ਨਾਂਅ ਆਰਿਆ ਕਾਲਜ ਰੋਡ ਰੱਖਿਆ ਹੋਇਆ ਹੈ,ਖਾਲਸਾ ਹਾਈ ਸਕੈਂਡਰੀ ਸਕੂਲ,ਬੀਐਸ ਗਰਲਜ਼ ਹਾਈ ਸਕੂਲ,ਟੈਗੋਰ ਨਿਕੇਤਨ ਮਾਡਲ ਹਾਈ ਸਕੂਲ,ਕਮੇਟੀ ਸਕੂਲ,ਹੈਂਡਰਸ਼ਨ ਗਰਲਜ਼ ਹਾਈ ਸਕੂਲ,ਕ੍ਰਿਸਚਨ ਹਾਈ ਸਕੂਲ ਇਹ ਸਕੂਲ ਨੈਸ਼ਨਲ ਹਾਈਵੇ ਨੰਬਰ 21 'ਤੇ ਚੰਡੀਗੜ੍ਹ-ਖਰੜ ਰੋਡ 'ਤੇ "ਕ੍ਰਿਸ਼ਚੀਅਨ ਸਕੂਲ" ਜਿਸ ਨੇ ਆਪਣੇ ਅੰਦਰ ਸੌ ਸਾਲ ਦੀ ਕਹਾਣੀ ਸਮੇਟੀ ਹੋਈ ਹੈ। ਇਸ ਸਕੂਲ ਦੀ ਸਥਾਪਨਾ 1891 ਵਿਚ ਪ੍ਰਾਇਮਰੀ ਸਕੂਲ ਦੇ ਰੂਪ ਵਿਚ ਹੋਈ ਹੈ।

ਰਾਜਨੀਤਿਕ ਸ਼ਖ਼ਸ਼ੀਅਤਾਂ:-ਸਵ. ਪ੍ਰਿਥਵੀ ਸਿੰਘ ਆਜ਼ਾਦ (ਡਿਪਟੀ ਸੀਐੱਮ) ਅਹੁੱਦੇ ਤੇ ਰਹੇ,ਸਵ.ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਜੋ ਕਿ ਦੋ ਵਾਰੀ ਖਰੜ ਤੋਂ ਐੱਮ ਐੱਲ ਏ ਰਹੇ,ਸਤਿਆਪਾਲ ਜੈਨ ਜੋ ਕਿ ਚੰਡੀਗੜ ਤੋਂ ਦੋ ਵਾਰੀ ਮੈਂਬਰ ਪਾਰਲੀਮੈਂਟ ਰਹੇ,ਅੱਜ ਕੱਲ ਐਡੀਸ਼ਨਲ ਸੋਲੀਸੀਟਰ ਆਫ਼ ਇੰਡੀਆ ਸੇਵਾ ਨਿਭਾ ਰਹੇ ਹਨ। ਸਾਬਕਾ ਮੁੱਖ ਮੰਤਰੀ ਪੰਜਾਬ ਅਤੇ ਲੋਕ ਸਭਾ ਮੈਂਬਰ ਜਲੰਧਰ ਸਰਦਾਰ ਚਰਨਜੀਤ ਸਿੰਘ ਚੰਨੀ , ਤੋਂ ਇਲਾਵਾ ਖਰੜ ਸ਼ਹਿਰ ਦੇ ਜੰਮਪਲ ਲਲਿਤ ਜੈਨ (ਆਈਏਐੱਸ),ਚਰਨਜੀਤ ਸਿੰਘ (ਆਈਪੀਐਸ),ਸੰਜੀਵ ਸ਼ਰਮਾ (ਪੀਸੀਐੱਸ) ਖਰੜ ਦੇ ਜੰਪਮਲ ਹਨ,ਜਿਨਾਂ 'ਤੇ ਸ਼ਹਿਰ ਨੂੰ ਬੇਹੱਦ ਮਾਣ ਹੈ।

ਖਰੜ ਦੀਆਂ ਸਮਾਜ ਸੇਵੀ ਸਖ਼ਸ਼ੀਅਤਾਂ:- ਸਵ:ਲਾਲਾ ਲੱਭੂ ਰਾਮ ਆੜਤੀ,ਜਿਨਾਂ ਦੀ ਸ਼ਹਿਰ ਨੂੰ 'ਰਾਮ ਬਾਗ' ਬਣਾ ਕੇ ਦੇਣ ਦੀ ਬਹੁਤ ਵੱਡੀ ਦੇਣ ਹੈ। ਸਵ.ਲਾਲਾ ਓਮ ਪ੍ਰਕਾਸ਼ ਅਗਰਵਾਲ (ਆਰਿਆ ਕਾਲਜ ਦੇ ਸੰਸਥਾਪਕ),ਨਿਰੰਜ਼ਨ ਦਾਸ (ਸਵਤੰਤਰ) ਖਰੜ ਸ਼ਹਿਰ ਦੀਆਂ ਇਨਾਂ ਸਖ਼ਸ਼ੀਅਤਾਂ ਦੇ ਕੰਮ ਅਤੇ ਉਨਾਂ ਪ੍ਰਤੀ ਪਿਆਰ ਸਨੇਹ ਅੱਜ ਵੀ ਲੋਕ ਮਨਾਂ 'ਚ ਵਸਦਾ ਹੈ।

ਖਾਣ ਪੀਣ ਦੀਆ ਵਸਤਾਂ:-ਦੇਖਣ 'ਚ ਆਉਂਦਾ ਹੈ ਕਿ ਬਹੁਤ ਸਾਰੇ ਸ਼ਹਿਰ 'ਚ ਖਾਣ ਦੀਆਂ ਵਸਤਾਂ ਨੇ ਲੋਕਾਂ ਨੂੰ ਆਪਣੇ ਦੀਵਾਨੇ ਬਣਾਕੇ ਰੱਖਿਆ ਹੁੰਦਾ ਹੈ। ਸ਼ਹਿਰ ਖਰੜ ਦੀ ਗੱਲ ਕਰਿਏ ਤਾਂ ਪਕੌੜੇ ਖਾਣ ਦੇ ਸ਼ੌਕੀਨਾਂ ਨੂੰ 'ਮੁਰਲੀ ਦੇ ਪਕੌੜੇ','ਵਲੈਤੀ ਰਾਮ ਦੀ ਰਿਓੜਿਆਂ' ਅਤੇ 'ਗੁਲਜਾਰੀ ਰਾਮ ਦੀ ਆਇਸ ਕਰੀਮ' ਦਾ ਸੁਆਦ ਉਨਾਂ ਲੋਕਾਂ ਦਾ ਪਿਆਰ ਦੀਆਂ ਯਾਂਦਾਂ ਅੱਜ ਵੀ ਸ਼ਹਿਰ ਨਿਵਾਸਿਆਂ ਦੇ ਦਿਲਾਂ 'ਚ ਵਸਦਿਆਂ ਹਨ।

ਸਾਹਿਤਕ ਖੇਤਰ:- ਕਲਾ ਦੇ ਖੇਤਰ 'ਚ ਸ਼ਹਿਰ ਖਰੜ ਦੇ ਜੰਮਪਲ ਸ਼ਾਇਰ ਵੈਦ ਦੀਵਾਨਾ ਨੇ ਨੈਸ਼ਨਲ ਪੱਧਰ ਤੱਕ ਸ਼ਹਿਰ ਦਾ ਨਾਮ ਚਮਕਾਇਆ ਹੈ।

ਪੁਰਾਤਨ ਇਮਾਰਤਾਂ:- ਵਿਰਾਸਤ ਪੱਖੋਂ ਸ਼ਹਿਰ ਦੀ ਗੱਲ ਕੀਤੀ ਜਾਵੇ ਤਾਂ ਸ਼ਹਿਰ ਖਰੜ ਦਾ ਰੈਸਟ ਹਾਊਸ,ਨਾਨੂਮਲ ਦੀ ਧਰਮਸਾਲਾ ਆਦਿ ਇਮਾਰਤਾਂ ਆਪੋ-ਆਪਣੀ ਕਹਾਣੀ ਬਿਆਨ ਕਰਦਿਆਂ ਹਨ। ਪੁਰਾਤਨ ਕਿਲਾ (ਕਿਲਾ ਚੂੰਗੀ ) ਅਤੇ ਬਾਂਸਾਂ ਵਾਲੀ ਚੂੰਗੀ ਸਮੇਂ ਦੀ ਚਕਾਚੌਂਧ ਅੰਦਰ ਆਪਣੀ ਪਛਾਣ 'ਤੇ ਕਾਇਮ ਨਾ ਰਹਿ ਸਕੀਆਂ। ਪਿੱਛਲੇ ਕਈ ਵਰਿਆਂ ਤੋਂ ਸ਼ਹਿਰ ਖਰੜ ਦੇ ਆਲੇ ਦੁਆਲੇ ਨਵੇਂ ਨਗਰ ਅਤੇ ਕਲੋਨੀਆਂ ਆਬਾਦ ਹੋ ਗਈਆ ਹਨ। ਆਬਾਦੀ ਅਤੇ ਡਿਵੈਲਪਮੈਂਟ ਪੱਖੋਂ ਸ਼ਹਿਰ ਨੇ ਵੱਡੇ ਪੱਧਰ ਤੇ ਤਰੱਕੀ ਜ਼ਰੂਰ ਕੀਤੀ ਹੈ ਅਤੇ ਕਰ ਵੀ ਰਿਹਾ ਹੈ। ਨਵੀਆਂ ਸਰਕਾਰਾਂ ਆਉਂਦੀਆਂ ਹਨ, ਪੁਰਾਣੀਆਂ ਚਲੇ ਜਾਂਦੀਆਂ ਹਨ। ਪਰ ਪਿੱਛਲੇ ਲੰਮੇਂ ਸਮੇਂ ਤੋਂ ਹਾਲੇ ਵੀ ਸ਼ਹਿਰ ਨੂੰ ਕਜੌਲੀ ਵਾਟਰ ਵਰਕਸ ਤੋਂ ਪਾਣੀ ਲੈਣ ਲਈ ਰਾਜਨੀਤੀ ਦੀ ਪਿਚ ਤੇ ਖੇਡਣਾ ਪੈ ਰਿਹਾ ਹੈ। ਲੋਕਾਂ ਦੀ ਸੋਚ ਸੀ ਕਿ ਇੱਥੋਂ ਬਣਨ ਵਾਲੇ ਫਲਾਈਓਵਰ ਨਾਲ ਇਸ ਸ਼ਹਿਰ ਦੀ ਦਿੱਖ ਖਰਾਬ ਹੋ ਜਾਵੇਗੀ ਪਰ ਨਹੀਂ..। ਪੰਜਾਬ ਦੇ ਮੁੱਖ ਦੁਆਰ ਸ਼ਹਿਰ ਖਰੜ ਨੂੰ ਅੱਜ ਤੱਕ ਆਧੁਨਿਕ ਬੱਸ ਅੱਡਾ ਨਸੀਬ ਨਹੀਂ ਹੋਇਆ। ਜੇਕਰ ਗੀਤ,ਸੰਗੀਤ ਦੀ ਗੱਲ ਕਰਿਏ ਤਾਂ ਪੁਰਾਤਨ ਸਮੇਂ ਤੋਂ ਗੀਤ,ਸੰਗੀਤ ਮਨੁੱਖ ਲਈ ਰੂਹ ਦੀ ਖ਼ੁਰਾਕ ਰਿਹਾ ਹੈ। ਜਦੋਂ ਗੀਤ,ਸੰਗੀਤ ਦੀ ਗੱਲ ਚੱਲਦੀ ਹੈ ਤਾਂ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਮਰਹੂਮ ਗਾਇਕ ਤੇ ਕਮੇਡੀਅਨ ਕੇ.ਦੀਪ ਅਤੇ ਜਗਮੋਹਣ ਕੌਰ ਹੋਰਾਂ ਦੀ ਸੁਪਰ ਹਿੱਟ ਕੈਸੇਟ 'ਪੋਸਤੀ ਥਾਂਣੇ ਵਿੱਚ', ਰਾਹੀ ਬਹੁਤ ਹੀ ਸੋਹਣੇ ਢੰਗ ਨਾਲ ਇਸ ਸ਼ਹਿਰ ਦੇ ਨਾਮ ਨੂੰ ਬੱਸ ਵਿੱਚਲੇ ਸਫ਼ਰ ਨਾਲ ਜੋੜ ਕੇ ਇਸ ਤਰਾਂ ਜਿਕਰ ਕੀਤਾ ਹੈ: 'ਦੈੜ ਦੈਣੀ 'ਖੈੜ' ਦੀ ਟਿਕਲ ਲੈ ਕੇ ਉਹਦੇ ਗੈਲੈ ਬੈਜਾ',। ਤਿੰਨ ਨਾਮ ਨਾਲ ਲੋਕ ਮਨਾਂ 'ਚ ਵਸਦਾ ਸ਼ਹਿਰ ਖਰੜ,ਖੈੜ ਤੇ ਖੈੜੀਏ ਵਜੋਂ ਵੀ ਪਛਾਣ ਬਣਾਈ ਹੋਈ ਹੈ। 'ਆ ਗਏ ਖੈੜੀਏ'। ਸਾਡੀ ਬੋਲੀ ਸਾਡਾ ਮਾਣ ਹੈ। ਆਓ,ਆਪਣੀ ਮਾਂ-ਬੋਲੀ ਨੂੰ ਅਤੇ ਆਪਣੀ ਜਨਮ ਭੌਇੰ ਨੂੰ ਅੰਤਾਂ ਦਾ ਮੋਹ ਕਰਦੇ ਹੋਏ ਵੱਧ ਤੋਂ ਵੱਧ ਰੁੱਖ ਲਗਾਈਏ ਅਤੇ ਉਨਾਂ ਸੰਭਾਲ ਲਈ ਜ਼ਿੰਮੇਵਾਰ ਬਣਕੇ ਰੁੱਖਾਂ ਨੂੰ ਪਾਲੀਏ। ਵਾਤਾਵਰਨ ਨੂੰ ਸ਼ੁੱਧ ਰਖੀਏ। ਨਸ਼ਿਆਂ ਤੋਂ ਰਹਿਤ ਸਮਾਜ ਸਿਰਜਣ ਦਾ ਹੋਕਾ ਦਈਏ।



ਲੇਖਕ ਕਾਲਾ ਸਿੰਘ ਸੈਣੀ

## ਰਿਫਾਇਨਰੀ ਦੀ ਗੋਲਡਨ ਜੁਬਲੀ ਮੌਕੇ ਐਚਪੀਸੀਐਲ ਨੇ ਸਕੂਲ ਨੂੰ ਆਰਓ ਅਤੇ ਖੇਡ ਕਿੱਟਾਂ ਭੇਟ ਕੀਤੀਆਂ






ਰਾਮਾਂ ਮੰਡੀ (ਲੋਕ ਬਾਣੀ)-ਐਚਪੀਸੀਐਲ (ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ) ਵੱਲੋਂ ਆਪਣੀ ਗੋਲਡਨ ਜੁਬਲੀ ਮੌਕੇ ਨੇੜਲੇ ਪਿੰਡ ਮਾਨਵਾਲਾ ਦੇ ਸਰਕਾਰੀ ਐਲੀਮੈਂਟਰੀ ਸਕੂਲ ਨੂੰ ਪੀਣ ਵਾਲੇ ਪਾਣੀ ਲਈ ਆਰਓ ਭੇਂਟ ਕੀਤਾ ਗਿਆ ਅਤੇ ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸਪੋਰਟਸ ਕਿੱਟਾਂ ਵੀ ਵੰਡੀਆਂ ਗਈਆਂ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੰਪਨੀ ਦੇ ਨੁਮਾਇੰਦਿਆਂ ਨੇ ਕਿਹਾ ਕਿ ਰਿਫਾਈਨਰੀ ਦਾ ਸਥਾਪਨਾ ਦਿਵਸ ਮਨਾਉਣ ਦਾ ਇਸ ਤੋਂ ਵਧੀਆ ਤਰੀਕਾ ਕੋਈ ਨਹੀਂ ਹੋ ਸਕਦਾ ਕਿ ਵਿਦਿਆਰਥੀਆਂ ਵਿੱਚ ਆ ਕੇ ਉਨ੍ਹਾਂ ਦੀ ਮਦਦ ਕੀਤੀ ਜਾਵੇ। ਇਸ ਮੌਕੇ ਕੰਪਨੀ ਅਧਿਕਾਰੀ ਸ੍ਰੀ ਬੀਡੀ ਸੇਠੀ ਡੀ. ਜੀ.ਐਮ ਐਚ.ਪੀ. ਸੀ.ਐਲ, ਸ਼੍ਰੀ ਨਿਤੀਸ਼ ਕੁਮਾਰ ਮੈਨੇਜਰ ਐਚ.ਪੀ. ਸੀ.ਐਲ, ਸ੍ਰੀ ਹਰਭਜਨ ਸਿੰਘ, ਸ੍ਰੀ ਸੁਖਵੰਤ ਸਿੰਘ ਅਤੇ ਸ੍ਰੀ ਬਲਬੀਰ ਸਿੰਘ ਹਾਜ਼ਰ ਸਨ। ਸਕੂਲ ਦੇ ਚੇਅਰਮੈਨ ਜਗਦੇਵ ਸਿੰਘ ਕੰਗ ਅਤੇ ਸਕੂਲ ਦੇ ਹੈਡ ਮਾਸਟਰ ਕੁਲਵਿੰਦਰ ਸਿੰਘ ਅਤੇ ਮੈਡਮ ਹਰਜੀਤ ਕੌਰ ਨੇ ਕੰਪਨੀ ਦੇ ਅਧਿਕਾਰੀਆਂ ਦਾ ਇਸ ਤੋਹਫ਼ੇ ਲਈ ਧੰਨਵਾਦ ਕਰਦਿਆਂ ਕਿਹਾ ਕਿ ਆਰਓ ਨਾਲ ਜਿੱਥੇ ਵਿਦਿਆਰਥੀਆਂ ਨੂੰ ਪੀਣ ਵਾਲਾ ਸਾਫ਼ ਪਾਣੀ ਮਿਲੇਗਾ, ਉੱਥੇ ਹੀ ਸਪੋਰਟਸ ਕਿੱਟਾਂ ਉਨ੍ਹਾਂ ਦੀ ਖੇਡਾਂ ਵਿੱਚ ਤਰੱਕੀ ਲਈ ਅਹਿਮ ਯੋਗਦਾਨ ਪਾਉਣਗੀਆਂ ਹਰਭਜਨ ਸਿੰਘ ਮਾਨ ਤੇ ਡਾ: ਜਰਨੈਲ ਸਿੰਘ ਮਾਨ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਜਿਨਾਂ ਦੇ ਯਤਨਾਂ ਸਦਕਾ ਇਹ ਉੱਦਮ ਹੋਇਆ। ਇਸ ਮੌਕੇ ਕੁਲਵਿੰਦਰ ਸਿੰਘ ਜੀਦਾ, ਮਾਸਟਰ ਜਸਵਿੰਦਰ ਸਿੰਘ, ਗੁਰਬਿੰਦਰ ਸਿੰਘ, ਜਸਵਿੰਦਰ ਪਾਲ ਸਿੰਘ, ਮੈਡਮ ਸ਼੍ਰੀਮਤੀ ਹਰਜੀਤ ਕੌਰ, ਮੈਡਮ ਰੂਬੀ ਸਿੰਗਲਾ, ਮੈਡਮ ਅੰਚਲ, ਮੈਡਮ ਸੁਖਪ੍ਰੀਤ ਕੌਰ ਅਤੇ ਮੈਡਮ ਸ਼ਪਿੰਦਰ ਪਾਲ ਕੌਰ, ਤਰਸੇਮ ਸਿੰਘ ਸਿੱਧੂ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

## ਬਠਿੰਡਾ ਦੀ ਸ਼ਹੀਦ ਜਰਨੈਲ ਸਿੰਘ ਸੇਵਾ ਸੋਸਾਇਟੀ ਦੇ ਪ੍ਰਧਾਨ ਨੇ ਬਰਸਾਤੀ ਪਾਣੀ ਦਾ ਨਿਕਾਸੀ ਕੀਤੀ





ਬਠਿੰਡਾ (ਲੋਕ ਬਾਣੀ) -ਬਠਿੰਡਾ ਦੇ ਪਹਿਲੀਂ ਬਰਸਾਤ ਨਾਲ ਦਾਣਾ ਮੰਡੀ ਰੋਡ ਮੁਲਤਾਨੀਆਂ ਰੋਡ ਅਤੇ ਰਾਮ ਬਾਗ ਗੇਟ ਨੰਬਰ 1 ਉਪਰ ਮੀਂਹ ਬਰਸਾਤ ਨਾਲ ਸੜਕਾਂ ਉਪਰ ਪਾਣੀ ਭਰ ਗਿਆ। ਸ਼ਹੀਦ ਜਰਨੈਲ ਸਿੰਘ ਵੈਲਫੇਅਰ ਸੁਸਾਇਟੀ ਬਠਿੰਡਾ ਦੇ ਮੁੱਖ ਸੇਵਾਦਾਰ ਅਵਤਾਰ ਸਿੰਘ ਗੋਗਾ ਵੱਲੋਂ ਰੋਡ ਜਾਲੀ ਦੀ ਸਾਫ਼ ਸਫ਼ਾਈ ਕੀਤੀ ਗਈ। ਕੁੱਝ ਸਮੇਂ ਬਾਅਦ ਰੋਡ ਕਲੀਅਰ ਹੋ ਗਿਆ। ਸਬੰਧਤ ਮਹਿਕਮੇ ਨੇ ਇਸ ਵਾਰ ਬਰਸਾਤ ਨਾਲ ਨਿਪਟਨ ਲਈ ਪ੍ਰਬੰਧ ਨਹੀ ਕੀਤੇ ਸਨ ਜਾਂ ਕੀਤੇ ਤਾਂ ਤੁਸੀਂ ਖਬਰਾ ਵਿੱਚ ਵੇਖਿਆ ਜਾਲੀਆਂ ਜਾਂ ਸੀਵਰੇਜ ਸਾਫ ਕਰਕੇ ਮਿਟੀ ਉਥੇ ਹੀ ਛੱਡ ਦਿੰਦੇ ਸੀ ਜੋ ਵਾਪਿਸ ਵਿੱਚ ਜਾਦੀ ਸੀ ਤੇ ਬਲੌਕ ਕਰਦੀ ਸੀ ਮੁਲਤਾਨੀਆਂ ਰੋਡ ਪਰਸਰਾਮ ਨਗਰ ਪਾਵਰ ਹਾਊਸ ਰੋਡ ਕੁਝ ਅਹਿਮ ਏਰੀਏ ਹਨ, ਜੋ ਬਾਰਿਸ਼ ਦੇ ਦਿਨਾਂ ਚ ਰੱਬ ਤੋ ਇਹੀ ਮੰਗਦੇ ਵੀ ਮੀਹ ਨਾ ਹੀ ਪਵੇ ਜਿਊਦੇ ਰਹਿਣ ਸਮਾਜ ਸੇਵੀ ਵੀਰ ਜਿਨ੍ਹਾਂ ਨਾਲ ਸੇਵਾਦਾਰ ਸੇਵਾ ਕਰਦੇ ਰਹਿੰਦੇ ਹਨ ਸਰਕਾਰੀ ਤੰਤਰ ਤੋ ਕੋਈ ਉਮੀਦ ਨਹੀਂ ਰਹਿੰਦੀ।